1

# ਪੰਜਾਬ ਕਿਉਂ ?

*ਬ੍ਰਿਟਿਸ਼ ਗਏ, ਕਾਂਗਰਸ ਆਈ*

1849 ਵਿਚ ਸਿੱਖ ਹਕੂਮਤ ਨੇ ਬਰਤਾਨਵੀ ਫੌਜ ਅੱਗੇ ਹਾਰ ਮੰਨ ਲਈ; ਇਹ ਉਨ੍ਹਾਂ ਦੀ ਆਖਰੀ ਜਿੱਤ ਸੀ। ਲਗਭਗ 100 ਵਰ੍ਹੇ ਬਾਅਦ ਜਦੋਂ ਅੰਗ੍ਰੇਜ਼ ਭਾਰਤ ਨੂੰ ਛੱਡਣ ਦੀ ਤਿਆਰੀ ਵਿਚ ਸਨ, ਉਹ ਤਿੰਨਾਂ ਪਾਰਟੀਆਂ, ਜਿਨ੍ਹਾਂ ਦਾ ਨਾਂ ਕਾਂਗਰਸ ਪਾਰਟੀ ਜਿਸਨੂੰ ਜ਼ਿਆਦਾਤਰ ਹਿੰਦੂਆਂ ਦੀ ਹਿਮਾਇਤ ਹਾਸਲ ਸੀ, ਮੁਸਲਿਮ ਲੀਗ ਜੋ ਕਿ ਮੁਸਲਮਾਨਾਂ ਦਾ ਪ੍ਰਤਿਨਿਧ ਕਰਦੀ ਸੀ ਅਤੇ ਅਕਾਲੀ ਦਲ ਜੋ ਸਿੱਖਾਂ ਦੀ ਨੁਮਾਇੰਦਗੀ ਕਰਦੀ ਸੀ, ਨਾਲ ਵਿਚਾਰ-ਵਟਾਂਦਰਾ ਕਰ ਰਹੇ ਸਨ।

1849 ਤੋਂ ਪਹਿਲਾਂ, ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਅਤੇ ਹੋਰਨਾਂ ਸਿੱਖ ਰਿਆਸਤਾਂ ਜਿਵੇਂ ਕਿ ਪਟਿਆਲਾ (ਸਭ ਤੋਂ ਵੱਡੀ ਅਤੇ ਪ੍ਰਭਾਵਸ਼ਾਲੀ), ਨਾਭਾ ਅਤੇ ਜੀਂਦ, ਕਪੂਰਥਲਾ, ਫਰੀਦਕੋਟ, ਕੁਲਛੇਤਰ, ਕਲਸੀਆ, ਬੂੜੀਆ, ਮਲੇਰਕੋਟਲਾ (ਸਿੱਖਾਂ ਦੀ ਸਰਪ੍ਰਸਤੀ ਹੇਠ ਇਕ ਮੁਸਲਮਾਨ ਰਿਆਸਤ) ਵਿਚਕਾਰ ਸਤਲੁਜ ਸਰਹੱਦ ਸੀ। ਸਿੱਖ ਹੁਕਮਰਾਨਾਂ ਅਧੀਨ ਇਲਾਕਾ ਪਿਸ਼ਾਵਰ ਤੋਂ ਜਮੁਨਾ ਤਕ ਫੈਲਿਆ ਹੋਇਆ ਸੀ। ਸਤਲੁਜ ਤੋਂ ਪਾਰ ਦੀਆਂ ਰਿਆਸਤਾਂ ਸੀਸ-ਸਤਲੁਜ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਸਨ।

ਆਜ਼ਾਦੀ ਤੋਂ ਪਹਿਲਾਂ ਇਨ੍ਹਾਂ ਵਿਚਾਰ-ਵਟਾਂਦਰਿਆਂ ਵਿਚ ਮਾਸਟਰ ਤਾਰਾ ਸਿੰਘ ਦੀ ਅਗਵਾਈ ਅਧੀਨ ਅਕਾਲੀ ਉਸ ਇਲਾਕੇ ਵਿਚ ਵਸਦੇ ਸਿੱਖਾਂ ਦੀ ਨੁਮਾਇੰਦਗੀ ਕਰ ਰਹੇ ਸਨ ਜਿਥੇ ਕਿ ਇਕ ਵਕਤ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਸੀ; ਯਾਦਵਿੰਦਰਾ ਸਿੰਘ ਪਟਿਆਲਾ ਦਾ ਮਹਾਰਾਜਾ, ਸਤਲੁਜ ਪਾਰ ਦੀਆਂ ਰਿਆਸਤਾਂ ਲਈ ਗਲਬਾਤ ਕਰ ਰਹੇ ਸਨ।

ਕਿਉਂਕਿ ਸਿੱਖ ਜਨਸੰਖਿਆ ਇਨ੍ਹਾਂ ਸਾਰੇ ਇਲਾਕਿਆਂ ਵਿਚ ਵਿਰਲੇ-ਵਿਰਲੇ ਫੈਲੀ ਹੋਈ ਸੀ, ਸਿੱਖਾਂ ਨੇ ਅਨੁਭਵ ਕੀਤਾ ਕਿ ਉਨ੍ਹਾਂ ਲਈ ਪੂਰੀ ਤਰ੍ਹਾਂ ਵੱਖਰਾ ਸਿੱਖ ਰਾਜ ਬਣਾਉਣਾ ਸੰਭਵ ਨਹੀਂ ਸੀ ਅਤੇ ਇਸ ਲਈ, ਉਨ੍ਹਾਂ ਆਪਣੇ ਆਪ ਨੂੰ ਕਾਂਗਰਸ ਨਾਲ ਜੋੜਿਆ ਜਿਸਦੀ ਨੀਤੀ ਸੰਘੀ ਢਾਂਚੇ ਵਾਲੇ ਇਕ ਭਾਸ਼ਾਈ ਰਾਜਾਂ ਦੀ ਧਾਰਨਾ ਨਾਲ ਇਸਦੀ ਵਚਨਬੱਧਤਾ ਦਾ ਦਾਅਵਾ ਕਰਦੀ ਸੀ ਅਤੇ ਉਸਨੇ ਸਿੱਖਾਂ ਨੂੰ ਵਿਸ਼ਵਾਸ ਦਿਵਾਇਆ ਕਿ "ਕਾਂਗਰਸ ਨੂੰ ਭਵਿੱਖ ਵਿਚ ਕੋਈ ਅਜਿਹਾ ਸੰਵਿਧਾਨ ਮਨਜ਼ੂਰ ਨਹੀਂ ਹੋਵੇਗਾ ਜੋ ਕਿ ਸਿੱਖਾਂ

ਨੂੰ ਪੂਰੀ ਤਸੱਲੀ ਨਾ ਦਿੰਦਾ ਹੋਵੇ।"

ਗਾਂਧੀ ਨੇ ਇੰਜ ਕਹਿੰਦੇ ਹੋਏ ਇਸ ਆਸ਼ਵਾਸਨ ਵਿਚ ਵਾਅਦਾ ਕੀਤਾ: "ਮੈਂ ਤੁਹਾਨੂੰ ਕਹਿੰਦਾ ਹਾਂ ਕਿ ਤੁਸੀ ਮੇਰਾ ਵਾਅਦਾ ਅਤੇ ਕਾਂਗਰਸ ਦਾ ਪ੍ਰਸਤਾਵ ਪ੍ਰਵਾਨ ਕਰੋ ਕਿ ਉਹ ਇਕ ਵਿਅੱਕਤੀ ਨਾਲ ਵੀ ਵਿਸ਼ਵਾਸਘਾਤ ਨਹੀਂ ਕਰੇਗੀ, ਕੌਮ ਦੀ ਤਾਂ ਗੱਲ ਛੱਡੋ - ਅਤੇ ਜੇਕਰ ਉਹ ਅਜਿਹਾ ਕਰਦੀ ਹੈ ਤਾਂ ਉਹ ਨਾ ਕੇਵਲ ਆਪਣੀ ਬਰਬਾਦੀ ਸਗੋਂ ਦੇਸ਼ ਦੀ ਬਰਬਾਦੀ ਤੇ ਵੀ ਮੁਹਰ ਲਗਾਏਗੀ। ਇਸ ਤੋਂ ਇਲਾਵਾ, ਸਿੱਖ ਬਹਾਦਰ ਲੋਕ ਹਨ। ਉਹ ਜਾਣਦੇ ਹਨ ਹਥਿਆਰਾਂ ਦੀ ਵਰਤੋਂ ਕਰਕੇ ਆਪਣੇ ਅਧਿਕਾਰਾਂ ਦੀ ਰੱਖਿਆ ਕਿਵੇਂ ਕਰਨੀ ਹੈ, ਜੇਕਰ ਅਜਿਹਾ ਮੌਕਾ ਆਉਂਦਾ ਹੈ।"

ਅਫ਼ਸੋਸ ਹੈ ਕਿ ਉਨ੍ਹਾਂ ਨੂੰ ਅਜਿਹਾ ਕਰਨਾ ਪਿਆ।

1946 ਵਿਚ ਕਲਕੱਤਾ ਵਿਖੇ ਸਰਬ-ਭਾਰਤੀ ਕਮੇਟੀ ਦੀ ਮੀਟਿੰਗ ਵਿਚ ਦੁਹਰਾਇਆ ਕਿ : "ਪੰਜਾਬ ਦੇ ਬਹਾਦੁਰ ਸਿੱਖ ਵਿਸ਼ੇਸ਼ ਮੁਆਵਜ਼ੇ ਦੇ ਪਾਤਰ ਹਨ। ਮੈਂ ਉੱਤਰ ਵਿਚ ਇਕ ਅਜਿਹੇ ਇਲਾਕੇ ਦੀ ਸਥਾਪਨਾ ਕਰਨ ਵਿਚ ਕੋਈ ਬੁਰਾਈ ਮਹਿਸੂਸ ਨਹੀਂ ਕਰਦਾ ਜਿਸ ਵਿਚ ਕਿ ਸਿੱਖ ਵੀ ਆਜ਼ਾਦੀ ਦਾ ਰੰਗ ਮਾਣ ਸਕਣ।"

ਉਸਨੇ ਸਪੱਸ਼ਟ ਕੀਤਾ ਕਿ : "ਭਾਰਤੀ ਸੰਘ ਇਕ ਆਜ਼ਾਦ ਪ੍ਰਭੁਸੱਤਾ-ਪੂਰਨ ਗਣਰਾਜ ਹੈ, ਜਿਸ ਵਿਚ ਬਚੀਆਂ ਸ਼ਕਤੀਆਂ ਵਾਲੀਆਂ ਖ਼ੁਦ-ਮੁਖ਼ਤਾਰ ਇਕਾਈਆਂ ਸ਼ਾਮਲ ਹਨ, ਜਿਨ੍ਹਾਂ ਵਿਚ ਸਾਰਿਆਂ ਫਿਰਕਿਆਂ ਦੇ ਲੋਕਾਂ ਲਈ ਸਮਾਜਿਕ, ਰਾਜਨੀਤਕ ਅਤੇ ਆਰਥਿਕ ਪ੍ਰਜਾਤੰਤਰ ਦੀ ਵਿਚਾਰਧਾਰਾ ਨੂੰ ਯਕੀਨੀ ਬਣਾਇਆ ਜਾਵੇਗਾ ਅਤੇ ਘੱਟ ਗਿਣਤੀਆਂ ਅਤੇ ਪਛੜੀਆਂ ਜਾਤੀਆਂ ਅਤੇ ਇਲਾਕਿਆਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ।

ਉਸ ਸਮੇਂ, ਕਾਂਗਰਸ ਸਰਕਾਰ ਭਾਰਤ ਦੀ ਵੰਡ ਦੇ ਖਿਲਾਫ਼ ਸੀ। ਮਹਾਤਮਾ ਗਾਂਧੀ ਨੇ ਸਿੱਖਾਂ ਨੂੰ ਵਿਸ਼ਵਾਸ ਦਿਵਾਇਆ ਕਿ ਦੇਸ਼ ਦੀ ਵੰਡ ਉਨ੍ਹਾਂ ਦੀ ਲਾਸ਼ ਉਪਰ ਹੀ ਹੋ ਸਕਦੀ ਹੈ।

ਪਰੰਤੂ ਫਿਰ ਧਮਾਕਾ ਹੋਇਆ! ਕਾਂਗਰਸ ਵੰਡ ਲਈ ਸਹਿਮਤ ਹੋ ਗਈ। ਇੰਜ ਜਾਪਦਾ ਹੈ ਕਿ ਸਾਰਾ ਆਡੰਬਰ ਸਿੱਖਾਂ ਨੂੰ ਕਾਂਗਰਸ ਦੇ ਪੱਖ ਵਿਚ ਲੈਣ ਲਈ ਰੱਚਿਆ ਗਿਆ ਸੀ ਤਾਂ ਕਿ ਪਾਰਟੀ ਭਾਰਤ ਦੀ ਸਰਹੱਦ ਜਿੰਨਾ ਵੀ ਜ਼ਿਆਦਾ ਪੱਛਮ ਵਿਚ ਹੋ ਸਕੇ, ਖਿੱਚਣ ਤੇ ਜ਼ੋਰ ਦੇ ਸਕੇ।

ਜਿਹੜੇ ਸਿੱਖ ਕਾਂਗਰਸ ਦੇ ਭਰੋਸਿਆਂ ਵਿਚ ਵਿਸ਼ਵਾਸ ਰੱਖ ਕੇ ਪੱਛਮੀ ਪੰਜਾਬ ਵਿਚ ਟੌਅਰ ਨਾਲ ਬੈਠੇ ਸੀ, ਉਨ੍ਹਾਂ ਨੂੰ ਅਚਾਨਕ ਪਤਾ ਲੱਗਿਆ ਕਿ ਉਨ੍ਹਾਂ ਨੂੰ ਆਪਣੇ ਘਰ ਹਮੇਸ਼ਾ ਲਈ ਛੱਡਣੇ ਪੈਣਗੇ। ਪੱਛਮੀ ਪੰਜਾਬ ਦੇ ਅਤੇ ਫਰੰਟੀਅਰ ਦੇ ਇਹ ਸਿੱਖ ਖ਼ੁਸ਼ਹਾਲ ਸਨ, ਜਦ ਕਿ ਪੂਰਬੀ ਪੰਜਾਬ ਦੇ ਮੁਸਲਮਾਨ ਜਿਨ੍ਹਾਂ ਦਾ ਜੀਵਨ ਵੀ ਸਿਆਸੀ ਵਿਉਂਤਾਂ ਬਣਾਉਣ ਵਾਲਿਆਂ ਲਈ ਅਸਪੱਸ਼ਟ ਅਨੁਮਾਨ ਦਾ ਮਾਮਲਾ ਸੀ, ਬਹੁਤ ਜ਼ਿਆਦਾ

ਗਰੀਬ ਸਨ।

**ਸਟੇਟਸਮੈਨ** ਵਿਚ 25 ਸਤੰਬਰ, 1969 ਦੇ ਅੰਕ ਵਿਚ ਪ੍ਰਕਾਸ਼ਿਤ ਕੀਤੇ ਗਏ ਅੰਕੜੇ ਦਰਸਾਉਂਦੇ ਹਨ ਕਿ ਲੋਕਾਂ ਦੀਆਂ 78 ਫ਼ੀ ਸਦੀ ਜ਼ਰਖ਼ੇਜ਼, ਸਿੰਚਾਈ ਵਾਲੀਆਂ ਅਤੇ ਕੀਮਤੀ ਜ਼ਮੀਨਾਂ ਪੱਛਮੀ ਪੰਜਾਬ ਵਿਚ ਰਹਿ ਗਈਆਂ ਸਨ। ਮਿਹਨਤੀ ਅਤੇ ਯੋਗ ਕਿਸਾਨਾਂ ਵਲੋਂ ਵਿਕਸਿਤ ਕੀਤੀਆਂ ਗਈਆਂ ਵਸਦੀਆਂ ਕਲੋਨੀਆਂ ਛੱਡਣੀਆਂ ਪੈ ਗਈਆਂ। ਪੱਛਮੀ ਪੰਜਾਬ ਵਿਚ ਛੱਡੇ ਗਏ 60 ਲੱਖ ਏਕੜ (39,35,131 ਸਟੈਂਡਰਡ ਏਕੜ ਦੇ ਬਰਾਬਰ) ਦੇ ਰਕਬੇ ਦੇ ਬਦਲੇ ਪੂਰਬੀ ਪੰਜਾਬ ਅਤੇ ਪੰਜਾਬ ਅਤੇ ਈਸਟ ਪੰਜਾਬ ਸਟੇਟਸ ਯੂਨੀਅਨ (ਪੈਪਸੂ) ਵਿਚ ਕੇਵਲ 47 ਲੱਖ ਏਕੜ (2,44,830 ਸਟੈਂਡਰਡ ਏਕੜ ਦੇ ਬਰਾਬਰ) ਦਾ ਰਕਬਾ ਉਪਲਬਧ ਸੀ।

ਇਲਾਕੇ ਵਿਚ ਅੰਤਰ ਹੀ ਕਾਫੀ ਮੰਦਾ ਸੀ, ਪਰੰਤੂ ਜਦੋਂ ਮਿੱਟੀ ਦੇ ਜ਼ਰਖ਼ੇਜ਼ ਹੋਣ ਬਾਰੇ ਅਤੇ ਸਿੰਚਾਈ ਦੇ ਸਾਧਨਾਂ ਦੇ ਪੱਖ ਤੋਂ ਵਿਚਾਰ ਕੀਤਾ ਜਾਵੇ ਤਾਂ ਇਹ ਹਕੀਕਤ ਵਿਚ ਬਹੁਤ ਮਾੜਾ ਸੀ। ਇਸ ਤਰ੍ਹਾਂ ਬਰਾਬਰ ਦੀ ਵੰਡ ਨੂੰ ਅੱਖੋਂ ਉਹਲੇ ਕੀਤਾ ਗਿਆ। ਇਸ ਤਰ੍ਹਾਂ ਦਰਜਾਬੰਦ ਵੰਡੀਆਂ ਲਾਗੂ ਕੀਤੀਆਂ ਗਈਆਂ; ਵੱਡੀਆਂ ਮਲਕੀਅਤਾਂ ਹੋਣ ਦੀ ਸੂਰਤ ਵਿਚ 95 ਫ਼ੀਸਦੀ ਤਕ ਦੀਆਂ ਸਨ।

ਜਦ ਕਿ ਮੁਸਲਿਮ ਲੀਗ ਅਤੇ ਕਾਂਗਰਸ ਨੇ ਆਪਣੀਆਂ ਜਗੀਰਾਂ ਹਾਸਲ ਕਰ ਲਈਆਂ, ਪੰਜਾਬੀਆਂ ਅਤੇ ਬੰਗਾਲੀਆਂ ਨੂੰ ਕਾਫ਼ੀ ਨੁਕਸਾਨ ਝੱਲਣਾ ਪਿਆ। ਇਹ ਇਨ੍ਹਾਂ ਦੀਆਂ ਜ਼ਮੀਨਾਂ ਸਨ ਜਿਨ੍ਹਾਂ ਦੀਆਂ ਵੰਡੀਆਂ ਪਾਈਆਂ ਗਈਆਂ।

ਇਸ ਕਾਰਵਾਈ ਵਿਚ 40 ਫ਼ੀ ਸਦੀ ਸਿੱਖ ਬੇਘਰੇ ਹੋ ਗਏ ਅਤੇ ਸਿੱਖਾਂ ਦੀ ਕੁਲ ਜਨਸੰਖਿਆ ਦਾ ਲਗਭਗ 2.5 ਫ਼ੀ ਸਦੀ ਦਾ ਨਿਰਦਈਤਾ ਨਾਲ ਕਤਲੇਆਮ ਕਰ ਦਿੱਤਾ ਗਿਆ। (ਅੰਕੜੇ **ਦਿ ਟ੍ਰਿਬਿਊਨ** ਵਿਚ ਮਿਤੀ 7 ਅਤੇ 9 ਦਸੰਬਰ, 1966 ਨੂੰ ਪ੍ਰਕਾਸ਼ਤ ਕੀਤੇ ਗਏ ਦੋ ਲੇਖਾਂ ਵਿਚੋਂ ਲਏ ਗਏ ਹਨ।)

ਫਿਰ ਕਾਂਗਰਸ ਆਪਣੇ ਸੰਘੀ ਸ਼ਾਸਨ ਪ੍ਰਣਾਲੀ ਦੇ ਵਾਅਦੇ ਤੋਂ ਮੁਕਰ ਗਈ। ਜਦੋਂ ਸਿੱਖਾਂ ਨੇ ਕਾਂਗਰਸੀ ਨੇਤਾਵਾਂ ਨੂੰ ਉਨ੍ਹਾਂ ਦੀਆਂ ਪ੍ਰਤਿਗਿਆਵਾਂ ਬਾਰੇ ਯਾਦ ਕਰਵਾਇਆ ਤਾਂ ਨਹਿਰੂ ਨੇ ਸਿੱਧਾ ਕਹਿ ਦਿੱਤਾ : "ਸਿੱਖਾਂ ਨੇ ਆਪਣੀ ਬਸ ਲੰਘਾ ਦਿੱਤੀ ਹੈ" ਅਤੇ ਸਰਦਾਰ ਪਟੇਲ ਨੇ ਟਿੱਪਣੀ ਕੀਤੀ : "ਸਮਾਂ ਬਦਲ ਗਿਆ ਹੈ।"

ਸੰਵਿਧਾਨਕ ਸਭਾ ਦੇ ਦੋ ਸਿੱਖ ਮੈਂਬਰਾਂ, ਹੁਕਮ ਸਿੰਘ ਅਤੇ ਭੁਪਿੰਦਰ ਸਿੰਘ ਮਾਨ ਨੇ ਇਸ ਗੱਲ ਲਈ ਅਜਿਹੇ ਸੰਵਿਧਾਨ ਤੇ ਹਸਤਾਖ਼ਰ ਕਰਨ ਤੋਂ ਨਾਂਹ ਕਰ ਦਿੱਤੀ ਜੋ ਕਿ ਉਨ੍ਹਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਹੀਂ ਕਰਦਾ ਸੀ।

ਮਗਰੋਂ, ਭਾਸ਼ਾਈ ਰਾਜ ਬਣਾਉਣ ਦੇ ਸਮੇਂ, ਫਿਰ ਪੰਜਾਬ ਨੂੰ ਛੱਡ ਦਿੱਤਾ ਗਿਆ। ਜਨਵਰੀ 31, ਫਰਵਰੀ 1 ਅਤੇ 2, 1970 ਨੂੰ ਲਗਾਤਾਰ **ਦਿ ਟ੍ਰਿਬਿਊਨ** ਵਿਚ ਪ੍ਰਕਾਸ਼ਤ ਕੀਤੇ ਗਏ ਤਿੰਨ ਨਿਬੰਧਾਂ ਵਿਚ ਜਿਨ੍ਹਾਂ ਦਾ ਸਬੰਧ ਪੰਜਾਬ ਵਲ ਕਾਂਗਰਸ ਦੇ ਵਤੀਰੇ ਨਾਲ ਸੀ ਅਤੇ ਜਿਨ੍ਹਾਂ ਵਿਚ ਇੰਦਰਾ ਗਾਂਧੀ ਨੂੰ ਇਹ ਕਹਿੰਦੇ ਹੋਏ ਦਰਸਾਇਆ ਗਿਆ : "ਉਹ (ਜਵਾਹਰ ਲਾਲ ਨਹਿਰੂ) ਪੰਜਾਬੀ ਸੂਬਾ ਬਣਾਉਣ ਦੇ ਸਖ਼ਤ ਵਿਰੋਧੀ ਸਨ।"

ਅਸਲ ਵਿਚ ਆਜ਼ਾਦੀ ਤੋਂ ਬਾਅਦ ਦਾ ਨਹਿਰੂ ਆਜ਼ਾਦੀ ਦੇ ਪੂਰਵ ਦੇ ਨਹਿਰੂ ਤੋਂ ਬਹੁਤ ਬਦਲਿਆ ਹੋਇਆ ਵਿਅੱਕਤੀ ਸੀ। ਇਸ ਸੱਚ ਨੂੰ ਨਾ ਕੇਵਲ ਪੰਜਾਬ ਦੇ ਕੇਸ ਵਿਚ ਸਗੋਂ, ਜਿਸ ਢੰਗ ਨਾਲ ਆਜ਼ਾਦੀ ਤੋਂ ਮਗਰੋਂ ਦੇਸ਼ ਵਿਚ ਫੈਲੇ ਕਈ ਅੰਦੋਲਨਾਂ ਨਾਲ ਸੱਤਾਧਾਰੀ ਕਾਂਗਰਸ ਪਾਰਟੀ ਨੇ ਨਜਿੱਠਿਆ, ਤੋਂ ਆਸਾਨੀ ਨਾਲ ਪ੍ਰਮਾਣਿਤ ਕੀਤਾ ਜਾ ਸਕਦਾ ਹੈ। ਲਗਭਗ ਇਨ੍ਹਾਂ ਸਾਰੇ ਅੰਦੋਲਨਾਂ ਵਿਚ ਕਾਂਗਰਸ ਦੇ ਆਜ਼ਾਦੀ ਪੂਰਵ ਦੇ ਵਾਅਦਿਆਂ ਨੂੰ ਲਾਗੂ ਕਰਨ ਦੀ ਮੰਗ ਕੀਤੀ ਗਈ : ਕਈਆਂ ਨੇ ਭਾਸ਼ਾਈ ਆਧਾਰ ਤੇ ਰਾਜਾਂ ਦੇ ਪੁਨਰ-ਗਠਨ ਦੀ ਮੰਗ ਕੀਤੀ, ਤਾਂ ਹੋਰਨਾਂ ਦਾ ਸਬੰਧ ਭੂਮੀ (ਇਲਾਕੇ) ਦੀ ਮੁੜ-ਵੰਡ ਕਰਨ ਨਾਲ ਸੀ।

ਕੇਂਦਰੀ ਸਰਕਾਰ ਨੇ ਨਾ ਕੇਵਲ ਸ਼ਕਤੀ ਦੀ ਵਰਤੋਂ ਕਰਨ ਦੇ ਮਾਮਲੇ ਵਿਚ, ਪਰੰਤੂ ਜਨਤਕ ਅੰਦੋਲਨਾਂ ਨੂੰ ਨਜਿੱਠਣ ਲਈ ਵੀ ਕਾਂਗਰਸ ਦੇ ਪੂਰਨਿਆਂ ਦੀ ਰਹਿਨੁਮਾਈ ਕੀਤੀ। ਇਸ ਦਾ ਵਤੀਰਾ ਉਸ ਜ਼ਿੱਦੀ ਬੱਚੇ ਵਰਗਾ ਸੀ ਜੋ ਕਹਿੰਦਾ ਹੈ ਕਿ : "ਮੈਂ ਇਸ ਕੰਮ ਨੂੰ ਇਸ ਕਰਕੇ ਨਹੀਂ ਕਰਾਂਗਾ ਕਿ ਇਹ ਸਹੀ ਅਤੇ ਤਰਕਸ਼ੀਲ ਹੈ ਪਰੰਤੂ ਜੇਕਰ ਮੈਨੂੰ ਇਸ ਨੂੰ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ"।

ਜਾਲ ਨੂੰ ਸੁੱਟ ਦਿੱਤਾ ਗਿਆ ਸੀ ਅਤੇ ਇਸ ਤੋਂ ਪਿੱਛੋਂ ਕੇਵਲ ਇਹ ਤਬਦੀਲੀ ਕੀਤੀ ਜਾਣੀ ਰਹਿੰਦੀ ਸੀ ਕਿ ਅਹਿੰਸਾ ਦੇ ਸਬੰਧ ਵਿਚ ਲਗਾਤਾਰ "ਬਾਜ਼ੀ ਨੂੰ ਉਪਰ ਚੁੱਕਿਆ ਜਾਵੇ"। ਅਹਿੰਸਾਤਮਕ ਅੰਦੋਲਨ ਤੋਂ ਲਗਭਗ 50 ਵਰ੍ਹੇ ਮਗਰੋਂ ਉਪਨਿਵੇਸ਼ਕ ਮਾਲਕਾਂ ਨੂੰ ਉਪ-ਮਹਾਂਦੀਪ ਵਿਚੋਂ ਹਟਾਇਆ ਗਿਆ, "ਅਸੀਂ ਭਾਰਤ ਦੇ ਲੋਕਾਂ" ਦੀ ਅਜਿਹੀ ਸਰਕਾਰ ਹੈ ਜਿਸਦੀ ਪਹਿਲੀ ਪ੍ਰੇਰਣਾ, ਜਦੋਂ ਵੀ ਅਸੀਂ ਕੋਈ ਮੰਗ ਉਠਾਈਏ ਜਾਂ ਰੋਸ ਪ੍ਰਗਟ ਕਰੀਏ ਸਾਡੇ ਉੱਪਰ ਬੰਦੂਕਾਂ ਤਾਨਣ ਦੀ ਹੈ। ਅਖ਼ਬਾਰਾਂ ਬਾਰ-ਬਾਰ ਖ਼ਬਰਾਂ ਦਿੰਦੀਆਂ ਹਨ: ਬੋਫ਼ੋਰਜ਼ ਸਕੈਮ, ਸਿਕਿਉਰਿਟੀ ਸਕੈਮ, ਸ਼ੂਗਰ ਸਕੈਮ ... ਬੰਬਈ ਅਤੇ ਬੰਗਲੌਰ ਵਿਚ ਦੰਗੇ ... ਸਾਰੇ ਪੰਜਾਬ ਵਿਚ ਅੱਗ ਲੱਗੀ ਹੈ। ਇਸ ਦਾ ਕੋਈ ਪ੍ਰਭਾਵ ਨਹੀਂ। ਸ਼ਾਸਕ ਪ੍ਰਦਰਸ਼ਨ ਦਾ ਇਤਨਾ ਆਦੀ ਹੋ ਚੁੱਕਾ ਹੈ ਕਿ ਕਪੜੇ ਤਾਂ ਪਰ੍ਹੇ ਰੱਖੋ, ਉਹ ਕੇਵਲ ਪੱਤਿਆਂ ਦੀ ਪੁਸ਼ਾਕ ਤੋਂ ਬਿਨਾਂ ਵੀ ਪੂਰੀ ਤਰ੍ਹਾਂ ਸੰਤੁਸ਼ਟ ਹੈ।

ਲੋਕ ਜਾਣਦੇ ਹਨ ਕਿ ਸਰਕਾਰ ਉਸ ਸਮੇਂ ਤਕ ਕੁਝ ਨਹੀਂ ਕਰੇਗੀ ਜਦੋਂ ਤਕ ਉਨ੍ਹਾਂ ਦਾ ਮੁਜ਼ਾਹਰਾ ਹਿੰਸਕ ਨਹੀਂ ਹੋ ਜਾਂਦਾ। ਪਰੰਤੂ ਇਹ ਕਿਸੇ ਵੀ

ਤਰ੍ਹਾਂ ਬਹੁਤ ਜ਼ਿਆਦਾ ਚੰਗੀ ਪੈਂਤੜੇਬਾਜ਼ੀ ਨਹੀਂ ਹੈ।

ਪੁਲਿਸ ਨੂੰ ਪਤਾ ਹੈ ਕਿ ਸਰਕਾਰ ਉਦੋਂ ਤਕ ਕੁਝ ਨਹੀਂ ਕਰੇਗੀ ਜਦੋਂ ਤਕ ਉਹ ਸਖ਼ਤੀ ਨਹੀਂ ਕਰਨਗੇ। ਲੇਕਿਨ ਇਹ ਆਪਣੀ ਗਲ ਮਨਵਾਉਣ ਦਾ ਕੋਈ ਬਹੁਤਾ ਵਧੀਆ ਤਰੀਕਾ ਨਹੀਂ ਹੈ। ਗੜਬੜੀ ਵਾਲੀ ਸਥਿਤੀ ਨੂੰ ਵੇਖਦਿਆਂ ਸਰਕਾਰ ਨੂੰ "ਕਾਨੂੰਨ ਅਤੇ ਵਿਵਸਥਾ" ਦੀ ਸਮੱਸਿਆ ਦਾ ਐਲਾਨ ਕਰਨ ਦਾ ਮੌਕਾ ਦਿੰਦੀ ਹੈ। (ਅਤੇ ਸ਼ਾਇਦ ਰਾਜਨੀਤਕ ਮਾਮਲਿਆਂ ਨੂੰ ਨਜਿੱਠਣ ਤੋਂ ਬਚਣ ਲਈ ਗੈਰ-ਕਾਨੂੰਨੀ ਸਥਿਤੀ ਨੂੰ ਹੋਰ ਭੜਕਾਉਣ ਦਾ ਮੌਕਾ ਵੀ ਦਿੰਦੀ ਹੈ)। ਪਿਛਲੇ ਇਕ ਦਹਾਕੇ ਦੌਰਾਨ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਇਸ ਗੱਲ ਦਾ "ਪਾਠਪੁਸਤਕ ਉਦਾਹਰਣ" ਵਾਂਗੂੰ ਹਨ।

ਪੰਜਾਬ ਦੇ ਭਾਸ਼ਾਈ ਪੁਨਰਗਠਣ ਨੂੰ 1966 ਵਿਚ ਪ੍ਰਵਾਨਗੀ ਦਿੱਤੀ ਗਈ। ਇਹ ਭਾਸ਼ਾ ਦੇ ਆਧਾਰ ਤੇ ਪੁਨਰਗਠਿਤ ਕੀਤੀਆਂ ਗਈਆਂ ਸਟੇਟਾਂ ਤੋਂ ਕਿਤੇ ਬਾਅਦ ਵਿਚ ਹੋਇਆ। ਇਹ ਅਕਾਲੀਆਂ ਦੇ ਲੰਬੇ ਅੰਦੋਲਨ ਕਰਕੇ ਅਤੇ 1965 ਦੀ ਜੰਗ ਦੇ ਦਬਾਓ ਕਾਰਣ ਹੋਇਆ ਜਿਸ ਤੋਂ ਕੇਂਦਰ ਨੂੰ ਮਹਿਸੂਸ ਹੋ ਗਿਆ ਕਿ ਸਰਹੱਦੀ ਲੋਕਾਂ ਦੀ ਸਦਭਾਵਨਾ ਕਿੰਨੀ ਜ਼ਰੂਰੀ ਹੈ। ਜੋ ਪੰਜਾਬ ਨੂੰ ਇਲਾਕਾ ਵੰਡਿਆ ਗਿਆ ਉਹ ਇਕ ਰੁੰਡ-ਮਰੁੰਡ ਕੀਤਾ ਗਿਆ ਪ੍ਰਦੇਸ਼ ਸੀ ਜਿਸ ਸਬੰਧੀ ਕਈ ਇਕ ਸ਼ਰਤਾਂ ਸਨ।

ਕੇਂਦਰ ਨੇ ਬੜੀ ਬੇਰਹਿਮੀ ਨਾਲ ਪੰਜਾਬੀ ਸੂਬੇ ਦਾ ਵਿਰੋਧ ਕੀਤਾ ਜਿਹੜੀ ਮਦਰਾਸ ਅਤੇ ਬੰਬਈ ਦੀਆਂ ਪ੍ਰੈਜ਼ੀਡੈਂਸੀਆਂ ਦੇ ਪੁਨਰਗਠਨ ਸਮੇਂ ਨਹੀਂ ਸੀ ਦੇਖੀ ਗਈ। ਸਵ. ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਦਾ **ਇਲਸਟ੍ਰੇਟਿਡ ਵੀਕਲੀ ਆਫ਼ ਇੰਡੀਆ** (ਜੂਨ 6, 1984) ਵਿਚ ਇਹ ਕਹਿੰਦਿਆਂ ਹਵਾਲਾ ਦਿੱਤਾ ਗਿਆ ਕਿ : "ਜਦੋਂ ਮਾਸਟਰ ਤਾਰਾ ਸਿੰਘ ਨੇ ਇਸ ਮੰਗ ਬਾਰੇ ਕੇਂਦਰੀ ਨੇਤਾਵਾਂ ਨੂੰ ਪਹੁੰਚ ਕੀਤੀ ਤਾਂ ਗ੍ਰਿਹ ਮੰਤਰੀ ਸਰਦਾਰ ਪਟੇਲ ਨੇ ਉੱਤਰ ਦਿੱਤਾ ਕਿ : 'ਮੈਂ ਇਹ ਮੰਗ ਮੰਨਣ ਲਈ ਤਿਆਰ ਹਾਂ। ਪਰੰਤੂ ਤੁਹਾਨੂੰ ਉਤਨਾ ਹੀ ਇਲਾਕਾ ਮਿਲੇਗਾ ਜਿੰਨਾ ਜਨਸੰਖਿਆ ਦੇ ਆਧਾਰ ਤੇ ਤੁਹਾਡਾ ਹਿੱਸਾ ਬਣਦਾ ਹੈ। ਇਸ ਤਰ੍ਹਾਂ, ਪੰਜਾਬ ਦਾ ਖੇਤਰ ਅੱਧਾ ਰਹਿ ਜਾਵੇਗਾ ਅਤੇ ਤੁਹਾਨੂੰ ਬਾਕੀ ਦੇ ਭਾਰਤ ਵਿਚ ਰਹਿ ਰਹੇ ਸਾਰੇ ਸਿੱਖਾਂ ਨੂੰ ਵਾਪਸ ਲੈਣਾ ਹੋਵੇਗਾ। ਇਸ ਵੇਲੇ 13 ਪ੍ਰਤਿਸ਼ਤ ਫੌਜੀ ਸਿੱਖ ਹਨ। ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇਗਾ। ਕੀ ਤੁਸੀਂ ਅਜਿਹਾ ਕਰਨ ਲਈ ਤਿਆਰ ਹੋ?' " ਭਾਸ਼ਾਈ ਪੁਨਰਗਠਨ ਦੀ ਕੀਮਤ ਵਜੋਂ ਕਿਸੇ ਹੋਰ ਸੂਬੇ ਦੇ ਲੋਕਾਂ ਨੂੰ ਅੱਡ ਕਰ ਦਿੱਤੇ ਜਾਣ ਸਬੰਧੀ ਅਜਿਹੀ ਧਮਕੀ ਕਦੀ ਨਹੀਂ ਦਿੱਤੀ ਗਈ।

ਕੇਂਦਰ ਵਲੋਂ ਪੰਜਾਬੀ ਸੂਬੇ ਦੀ ਮੰਗ ਦੀ ਵਿਰੋਧਤਾ ਦੀ ਜੜ੍ਹ ਖ਼ੌਫ਼ ਸੀ। ਇਸ ਗੱਲ ਦਾ ਡਰ ਸੀ ਕਿ "ਪੰਜਾਬੀ ਸੂਬਾ" ਬਣਾਉਣ ਨਾਲ ਉਸ ਰਾਹ ਵਲ ਪਹਿਲਾ ਕਦਮ ਹੋਵੇਗਾ ਜਿਹੜਾ ਉਨ੍ਹਾਂ ਨੂੰ ਅੰਤ ਵਿਚ ਸੰਘ ਤੋਂ ਅਲਹਿਦਗੀ

ਵਲ ਲੈ ਜਾਵੇਗਾ। ਭਾਵੇਂ ਸਿੱਖ ਆਜ਼ਾਦੀ ਦੇ ਸਮੇਂ ਤੋਂ ਕਾਂਗਰਸ ਦੇ ਧੋਖੇ ਤੋਂ ਨਾਰਾਜ਼ ਸਨ, ਉਹ ਸਿਆਣੇ ਵੀ ਸਨ। 40ਵਿਆਂ ਦੇ ਅਖੀਰ ਤਕ, ਉਹ ਲੋਕੀਂ ਜਿਹੜੇ ਪੰਜਾਬ ਵਿਚ ਜਨਮੇ ਸਨ ਜਦੋਂ ਮਹਾਰਾਜ ਰਣਜੀਤ ਸਿੰਘ ਦਾ ਅਜੇ ਰਾਜ ਸੀ, ਬਹੁਤ ਘੱਟ ਸਨ, ਲੇਕਿਨ ਉਹ ਉੱਕਾ ਹੀ ਗੈਰ-ਹਾਜ਼ਰ ਨਹੀਂ ਸਨ ਅਤੇ ਪੰਜਾਬ ਦੀ ਪ੍ਰਭੁਸੱਤਾ ਰਾਜ-ਭਾਗ ਅਜੇ ਵੀ ਸਿੱਖਾਂ ਅੰਦਰ ਜਿਊਂਦਾ ਜਾਗਦਾ ਸੀ। ਜਿਵੇਂ ਇਕੱਠੀਆਂ ਕੀਤੀਆਂ ਸਿੱਖ ਰਿਆਸਤਾਂ (ਬਾਅਦ ਵਿਚ ਪੈਪਸੂ) ਵਜੋਂ ਉਨ੍ਹਾਂ ਨੂੰ ਅੰਗ੍ਰੇਜ਼ੀ ਬਸਤੀਵਾਦ ਪ੍ਰਸ਼ਾਸਨ ਬਾਰੇ ਕਦੀ ਗਿਆਨ ਨਹੀਂ ਸੀ ਕਿ ਇਨ੍ਹਾਂ ਰਿਆਸਤਾਂ ਨੂੰ ਖ਼ੁਦਮੁਖਤਾਰੀ ਦੇ ਬਹੁਤ ਜ਼ਿਆਦਾ ਹੱਕ ਪ੍ਰਾਪਤ ਸਨ। ਆਜ਼ਾਦੀ ਲਈ ਸ਼ਹੀਦਾਂ ਦੀ ਭੂਮਿਕਾ ਨਿਭਾਉਣ ਵਿਚ ਸਿੱਖਾਂ ਦੀ ਗਿਣਤੀ ਭਾਰੀ ਹੈ : [ਨੋਟ : ਮਾਰੇ ਗਏ 2,175 ਵਿਅੱਕਤੀਆਂ ਵਿਚੋਂ 1,557 (ਜਾਂ 55 ਪ੍ਰਤਿਸ਼ਤ) ਸਿੱਖ ਸਨ। ਅੰਡੇਮਾਨ ਅਤੇ ਨਿਕੋਬਾਰ (ਕਾਲੇ ਪਾਣੀਆਂ) ਵਿਚ ਦੇਸ਼ ਨਿਕਾਲਾ ਦਿੱਤੇ ਗਏ 2,646 ਵਿਚੋਂ 2,147 (80 ਪ੍ਰਤਿਸ਼ਤ) ਸਿੱਖ ਸਨ। ਫਾਂਸੀ ਦੇ ਫੰਦੇ ਤੇ ਲਟਕਾਏ ਗਏ 127 ਵਿਚੋਂ 92 ਜਾਂ 80 ਪ੍ਰਤਿਸ਼ਤ ਸਿੱਖ ਸਨ। ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਵਿਚ 60 ਪ੍ਰਤਿਸ਼ਤ ਸਿਪਾਹੀ ਸਿੱਖ ਸਨ।] ਉਨ੍ਹਾਂ ਦੀਆਂ ਸਾਹਸੀ ਕੁਰਬਾਨੀਆਂ ਸਦਕਾ ਹੀ ਅਜ ਭਾਰਤ ਮੌਜਾਂ ਮਾਣ ਰਿਹਾ ਹੈ। ਆਜ਼ਾਦੀ ਪ੍ਰਾਪਤ ਕਰਨ ਤੋਂ ਪਹਿਲਾਂ "ਭਾਰਤ" ਇਕ ਬਹੁਤ ਅਸਪਸ਼ਟ ਸੰਕਲਪ (ਕੰਸੈਪਟ) ਸੀ। ਸਿੱਖਾਂ ਨੇ ਜੋ ਕੁਰਬਾਨੀ ਦਿੱਤੀ ਉਹ ਇਕ ਅਸਲੀਅਤ ਹੈ - ਜਿਨ੍ਹਾਂ ਨੇ ਲੋਕਾਂ ਅਤੇ ਜ਼ਮੀਨ ਨੂੰ ਆਪਣੀ ਸਮਝਿਆ। ਕੋਈ ਵਿਅਕਤੀ ਜੋ ਆਪਣੇ ਹੱਕਾਂ ਲਈ ਸਚਮੁੱਚ ਹੀ ਜਾਨ ਵਾਰਨ ਲਈ ਤਿਆਰ ਹੈ ਉਹ ਪਹਿਲਾਂ ਹੀ ਕਿਸੇ ਸਰਕਾਰ ਦੇ ਕੰਟ੍ਰੋਲ ਤੋਂ ਬਾਹਰ ਹੁੰਦਾ ਹੈ ਅਤੇ ਇਕ ਆਜ਼ਾਦ ਵਿਅਕਤੀ ਤੋਂ ਹਮੇਸ਼ਾਂ ਡਰ ਕੇ ਰਹਿਣਾ ਪੈਂਦਾ ਹੈ।

ਪੰਜਾਬ ਦੇ ਸਿੱਖਾਂ ਦੇ ਮੁਕਾਬਲੇ, ਪੰਜਾਬੀ ਹਿੰਦੂ ਆਪਸੀ ਪ੍ਰਮਾਣਿਕਤਾ ਲਈ ਰਾਜ ਦੀਆਂ ਸਰਹੱਦਾਂ ਤੋਂ ਪਾਰ ਦਿਖਾਈ ਦਿੰਦੇ ਹਨ। ਪੰਜਾਬ ਦੇ ਭਾਸ਼ਾਈ ਪੁਨਰਗਠਨ ਨੂੰ ਅਸੂਲੀ ਤੌਰ ਤੇ ਸਵੀਕਾਰ ਕਰਨ ਤੋਂ ਬਾਅਦ ਰਾਜ ਦੇ ਭਾਸ਼ਾਈ ਸਰਵੇਖਣ ਦਾ ਹੁਕਮ ਦਿੱਤਾ ਗਿਆ। ਜਨ ਸੰਘ ਅਤੇ ਕਾਂਗਰਸ ਨੇ ਹਿੰਦੂਆਂ ਨੂੰ ਗਣਨਾ ਕਰਨ ਵਿਚ ਝੂਠ ਮਾਰਨ ਲਈ ਉਕਸਾਇਆ। ਬਹੁਤੇ ਹਿੰਦੂਆਂ ਨੇ ਸ਼ੁੱਧ ਪੰਜਾਬੀ ਵਿਚ ਬੜੇ ਜ਼ੋਰ ਨਾਲ ਕਿਹਾ ਕਿ : "ਸਾਡੀ ਬੋਲੀ ਹਿੰਦੀ ਹੈ।"

ਇਕ ਆਜ਼ਾਦ ਪੰਜਾਬ ਨੂੰ ਕਈ ਉਲਝਣਾਂ ਦਾ ਵੀ ਸਾਹਮਣਾ ਕਰਨਾ ਪਿਆ। ਕਸ਼ਮੀਰ ਨਾਲੋਂ ਕੱਟਿਆ ਜਾਵੇਗਾ ਜਿਸ ਦਾ ਅਰਥ ਇਹ ਹੋਵੇਗਾ ਕਿ ਇਹ ਘਾਟੀ ਵੀ ਭਾਰਤ ਤੋਂ ਗੁਆ ਦਿੱਤੀ ਜਾਵੇਗੀ।

ਸਿੱਖ ਨਜ਼ਰੀਏ ਤੋਂ ਪੰਜਾਬੀ ਸੂਬਾ ਮਹੱਤਵਪੂਰਣ ਹੈ। ਇਹ ਉਨ੍ਹਾਂ ਦੀ ਹੋਂਦ ਦਾ ਸਵਾਲ ਹੈ। ਵੰਡ ਤੋਂ ਬਾਅਦ, ਬੰਗਾਲ ਨੂੰ ਬਹੁਤ ਕਸ਼ਟ ਝਲਣਾ

ਪਿਆ - ਇਹੋ ਕੁਝ ਪੰਜਾਬ ਨਾਲ ਹੋਇਆ - ਅਤੇ ਧਾਰਮਿਕ-ਸਭਿਆਚਾਰਕ ਪੈਮਾਨੇ ਦੁਆਰਾ ਇਕ ਹੋਰ ਵਾਧੂ ਦਬਾਓ ਪਾਇਆ ਗਿਆ।

ਸਿੱਖ ਗੁਰੂਆਂ ਨੇ ਸਿੱਖਾਂ ਨੂੰ ਧਾਰਮਿਕ ਦਿੱਖ ਦਾ ਰੂਪ ਦਿੱਤਾ ਜੋ ਨਾ ਹੀ ਹਿੰਦੂਆਂ ਵਰਗਾ ਸੀ ਨਾ ਹੀ ਇਸਲਾਮ ਵਰਗਾ ਪਰੰਤੂ ਇਹ ਮਨੁੱਖ, ਸੰਸਾਰ ਅਤੇ ਸਿਰਜਣਹਾਰ ਦੇ ਨਜ਼ਰੀਏ ਵਿਚ ਲਾਜ਼ਮੀ ਤੌਰ ਤੇ ਵਿਚਾਰਸ਼ੀਲ ਅਤੇ ਮਾਨਵਵਾਦੀ ਸੀ। ਉਨ੍ਹਾਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਆਪਣਾ ਸਭਿਆਚਾਰ ਵਿਕਸਿਤ ਕੀਤਾ ਅਤੇ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਆਪਣੀ ਵੱਖਰੀ ਹੋਂਦ ਕਾਇਮ ਕੀਤੀ। ਤਸਵੀਰ ਵਿਚ ਬਹੁਤ ਮਜ਼ਬੂਤ ਮਹਿਰਾਬ ਹੈ : (ਤਸਵੀਰ ਤੋਂ ਸਾਫ਼ ਜ਼ਾਹਰ ਹੈ) : ਇਕ ਪਾਸੇ ਇਸਲਾਮ ਹੈ ਅਤੇ ਦੂਜੇ ਪਾਸੇ ਹਿੰਦੂਵਾਦ ਹੈ। ਇਸਲਾਮ ਵਾਲਾ ਪਾਸਾ ਹਟਾ ਦਿਓ ਅਤੇ ਹਿੰਦੂ ਸਾਈਡ ਜ਼ਰੂਰ ਹੇਠਾਂ ਆ ਜਾਵੇਗੀ। ਸਿੱਖਵਾਦ ਇਸ ਮਹਿਰਾਬ ਦੇ ਹੇਠਾਂ ਇਕ ਥੰਮ੍ਹ ਦੀ ਤਰ੍ਹਾਂ ਖੜ੍ਹਾ ਹੈ।

ਵੰਡ ਹੋ ਜਾਣ ਨਾਲ ਸਿੱਖ ਇਸਲਾਮ ਦੀ ਦੁਨੀਆਂ ਤੋਂ ਬਿਲਕੁਲ ਦੂਰ ਹੋ ਗਏ। ਉੱਤਰ ਅਤੇ ਪੱਛਮ ਵਿਚ ਰਹਿ ਰਹੇ ਲੋਕਾਂ ਵਿਚ ਸੰਪਰਕ ਅੰਤਰ-ਰਾਸ਼ਟਰੀ ਸਰਹੱਦ ਦੀ ਸਿਰਜਣਾ ਕਾਰਣ ਬੁਰੀ ਤਰ੍ਹਾਂ ਟੁੱਟ ਗਿਆ। ਭਾਰਤ ਅੰਦਰ ਸਿੱਖਾਂ ਦੀ ਆਬਾਦੀ ਭਾਰਤ ਦੀ ਜਨਸੰਖਿਆ ਦਾ 2 ਪ੍ਰਤਿਸ਼ਤ ਹੈ। ਇਹ 75 ਪ੍ਰਤਿਸ਼ਤ ਪੰਜਾਬ ਵਿਚ ਰਹਿ ਰਹੀ ਹੈ। ਧਰਮ ਦੇ ਆਧਾਰ ਤੇ ਪੰਜਾਬ ਦੀ ਵੰਡ ਤੋਂ ਪਹਿਲਾਂ ਉਹ ਪੰਜਾਬ ਵਿਚ ਵੀ ਘੱਟ-ਗਿਣਤੀ ਵਿਚ ਸਨ। ਵੰਡ ਦਾ ਮਤਲਬ ਹੈ ਕਿ ਭਾਰਤ ਦੇ ਸਾਰੇ ਹਿੰਦੂਆਂ ਦਾ ਪੂਰਾ ਭਾਰ ਸਿੱਖਾਂ ਤੇ ਪੈ ਗਿਆ।

ਬਾਕੀ ਫਿਰਕਿਆਂ ਨੂੰ ਵੀ 82 ਪ੍ਰਤਿਸ਼ਤ ਹਿੰਦੂ ਬਹੁਮਤ ਵਾਲੇ ਰਾਜਾਂ ਵਿਚ ਐਡਜਸਟ ਕਰਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਜਿਥੋਂ ਤਕ ਮੁਸਲਮਾਨਾਂ ਦਾ ਸਬੰਧ ਹੈ, ਇਨ੍ਹਾਂ ਦਾ ਸਹਾਰਾ ਇਸਲਾਮਿਕ ਵੈਸਟ ਏਸ਼ੀਆ ਸੀ; ਜਦ ਕਿ ਇਸਾਈ ਕ੍ਰਿਸਚਿਅਨ ਵੈਸਟ ਤੋਂ ਸਹਾਰਾ ਲੈ ਸਕਦੇ ਸਨ। ਬੋਧੀ ਫਾਰ ਈਸਟ ਵਿਚ ਆਪਣੇ ਸਾਥੀਆਂ ਨਾਲ ਰਲ ਸਕਦੇ ਸਨ।

ਜਿਹੜੇ ਧਰਮਾਂ ਦਾ ਦੇਸ਼ ਤੋਂ ਬਾਹਰ ਕੋਈ 'ਸਹਾਰਾ ਨਹੀਂ' ਸੀ, ਉਨ੍ਹਾਂ ਨੂੰ ਹਿੰਦੂਵਾਦ ਦੇ ਬੇਤਰਤੀਬੇ ਸੰਚੇ ਵਿਚ ਸਮਾ ਲਿਆ ਗਿਆ। ਇਹੋ ਕੁਝ ਇਸ ਸੱਤਯੁਗ ਦੀਆਂ ਪਹਿਲੀਆਂ ਸਦੀਆਂ ਵਿਚ ਬੋਧੀਆਂ ਨਾਲ ਵਾਪਰਿਆ। ਇਹ ਜੈਨੀਆਂ ਅਤੇ ਲਿੰਗਾਇਅਤਾਂ ਨਾਲ ਵੀ ਵਾਪਰਿਆ। ਆਜ਼ਾਦੀ ਤੋਂ ਬਾਅਦ ਵੱਖ-ਵੱਖ ਦੇਸੀ ਧਾਰਮਿਕ-ਸਭਿਆਚਾਰਕ ਕਬੀਲਿਆਂ ਦੇ ਗੁੱਟ ਹਿੰਦੂਵਾਦ ਦੇ ਸੂਤਰ ਵਿਚ ਬੱਝ ਗਏ।

ਸਿੱਖਾਂ ਨੂੰ ਉਸੇ ਸੂਤਰ ਵਿਚ ਪਰੋਣ ਦੀ ਕੋਸ਼ਿਸ਼ ਸਪੱਸ਼ਟ ਸੀ ਜਦੋਂ ਸਿੱਖਾਂ ਨੂੰ ਹਿੰਦੂ ਕੋਡ ਬਿਲ ਵਿਚ ਸ਼ਾਮਲ ਕੀਤਾ ਗਿਆ ਸੀ। ਦੂਜੀ ਕੋਸ਼ਿਸ਼ ਕੇਵਲ ਹਿੰਦੂ ਦਲਿਤਾਂ ਲਈ ਰਾਖਵੇਂ-ਕਰਨ ਦਾ ਉਪਬੰਧ ਕਰਨਾ ਸੀ। ਇਹ

ਸਿੱਖੀ ਧਾਰ ਲੈਣ ਵਾਲੇ ਦਲਿਤਾਂ ਨੂੰ ਮੁੜ ਹਿੰਦੂ ਧਰਮ ਵਿਚ ਵਾਪਸ ਲਿਆਉਣ ਦਾ ਤਰੀਕਾ ਸੀ ਅਤੇ ਹਿੰਦੂ ਦਲਿਤਾਂ ਨੂੰ ਕਿਸੇ ਹੋਰ ਧਰਮ ਨੂੰ ਅਪਣਾਉਣ ਤੋਂ ਰੋਕਣਾ ਸੀ।

ਘੱਟ-ਗਿਣਤੀਆਂ, ਦਲਿਤਾਂ ਅਤੇ ਕਬੀਲਾ ਲੋਕਾਂ ਨੂੰ ਨਿਆਂ ਨਹੀਂ ਦਿੱਤਾ ਜਾਂਦਾ ਸੀ। ਭਾਰਤ ਵਿਚ ਕਬੀਲਾ ਪਰਿਵਾਰਾਂ ਨੂੰ ਲਗਾਤਾਰ "ਘੱਟ ਵਿਕਸਿਤ" ਲੋਕ ਕਹਿੰਦੇ ਰਹੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਸਭਿਆਚਾਰਕ ਤੌਰ ਤੇ - ਜਾਂ ਸ਼ਾਇਦ ਮਾਨਵਤਾ ਵਜੋਂ - ਪਿੱਛੇ ਹਨ।

ਪੰਜਾਬ ਦੇ ਸਿੱਖ ਪੰਜਾਬ ਤੋਂ ਇਲਾਵਾ ਕਿਸੇ "ਹੋਮਲੈਂਡ" ਦੀ ਇੱਛਾ ਨਹੀਂ ਕਰ ਸਕਦੇ - ਪਰੰਤੂ ਅੱਸੀਵਿਆਂ ਦੇ ਮੱਧ ਤਕ ਸਿੱਖਾਂ ਦੀ ਬਹੁਤ ਵੱਡੀ ਗਿਣਤੀ ਯੂ.ਕੇ., ਕਨੇਡਾ ਅਤੇ ਯੂ.ਐਸ.ਏ. ਵਿਚ ਵਸ ਗਈ। ਜਦੋਂ ਪੰਜਾਬ ਵਿਚ ਪੂਰੇ ਜ਼ੋਰਾਂ ਤੇ ਜ਼ੁਲਮ ਹੋ ਰਿਹਾ ਸੀ ਤਾਂ ਇਹ ਲੋਕ "ਗਵਾਹ" ਸਨ ਜਿਨ੍ਹਾਂ ਦੀ ਹਾਹਾਕਾਰ ਨੇ ਅੰਤਰ-ਰਾਸ਼ਟਰੀ ਭਾਈਚਾਰੇ ਦਾ ਧਿਆਨ ਪੰਜਾਬ ਤੇ ਹੋ ਰਹੇ ਜ਼ੁਲਮ ਵਲ ਖਿੱਚਿਆ। ਇਹ "ਲੋਕ" ਪੰਜਾਬ ਵਿਚ ਚਕਨਾਚੂਰ ਹੋਈ ਸਿੱਖ ਲੀਡਰਸ਼ਿਪ ਨੂੰ ਚੁੱਪ ਕਰਾਉਣ ਤੋਂ ਬਾਅਦ ਵੀ ਇਸ ਗਿਣੇ-ਮਿੱਥੇ ਕਤਲੇਆਮ ਵਿਰੁੱਧ ਹਾਹਾਕਾਰ ਮਚਾਉਂਦੇ ਰਹੇ।

ਪੰਜਾਬੀ ਸੂਬਾ ਲਹਿਰ ਤੇ ਵਾਪਸ ਆਈਏ : ਬਹੁ-ਭਾਸ਼ਾਈ ਰਾਜ ਦੇ ਵਾਅਦੇ ਲਈ ਸਿੱਖਾਂ ਦੀ ਮੰਗ ਦਾ ਏਨੀ ਤੀਬਰਤਾ ਨਾਲ ਵਿਰੋਧ ਕਰਨ ਦਾ ਇਕ ਕਾਰਣ ਪੰਜਾਬ ਵਿਚ ਜਿਥੋਂ ਤਕ ਸੰਭਵ ਹੋ ਸਕੇ, ਸਿੱਖੀ ਨੂੰ ਢਾਅ ਲਾਉਣਾ ਵੀ ਸੀ। ਅਤੇ ਫਿਰ ਵੀ, ਕੌਮੀ ਪੱਧਰ ਤੇ ਸਿੱਖਾਂ ਵਿਰੁੱਧ ਜ਼ੁਲਮ ਨੂੰ ਇਕਸਾਰ ਤੇਜ਼ ਕਰੀ ਜਾਣ ਨਾਲ ਨਤੀਜਾ ਬਿਲਕੁਲ ਉਲਟ ਨਿਕਲਿਆ।

*ਪੰਜਾਬ ਦੀ ਜਨ-ਗਣਨਾ*

ਸਰਕਾਰੀ ਮਰਦਮ-ਸ਼ੁਮਾਰੀ ਤੇ ਝਾਤ ਮਾਰ ਕੇ ਦੇਖੀਏ ਤਾਂ ਪਤਾ ਲਗਦਾ ਹੈ ਕਿ ਕੀ ਕੁਝ ਵਾਪਰ ਰਿਹਾ ਸੀ।

1991 ਦੀ ਮਰਦਮ-ਸ਼ੁਮਾਰੀ ਅਨੁਸਾਰ ਪੰਜਾਬ ਦੀ ਜਨਸੰਖਿਆ ਲਗਭਗ 2.2. ਕਰੋੜ ਹੈ। ਇਹ ਗਵਾਂਢੀ ਰਾਜਾਂ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਦੀ ਸਾਂਝੀ ਜਨਸੰਖਿਆ ਦੇ ਲਗਭਗ ਬਰਾਬਰ ਹੈ।

ਭਾਰਤ ਦੇ "1995 ਦੇ ਪੇਪਰ - ਧਰਮ" ਦੀ ਮਰਦਮਸ਼ੁਮਾਰੀ ਧਰਮ ਦੇ ਆਧਾਰ ਤੇ ਜਨਸੰਖਿਆ ਦੀ ਵੰਡ ਤੇ 1991 ਦੇ ਅੰਕੜੇ ਪੇਸ਼ ਕਰਦੀ ਹੈ ਜਿਨ੍ਹਾਂ ਦਾ 1981 ਦੇ ਅੰਕੜਿਆਂ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ। ਨਾਲ ਕਿਹਾ ਜਾ ਸਕਦਾ ਹੈ ਕਿ ਹਜ਼ਾਰਾਂ ਸਿੱਖ ਪੰਜਾਬ ਨੂੰ ਵਾਪਸ ਆ ਗਏ ਕਿਉਂਕਿ ਜਿਨ੍ਹਾਂ ਰਾਜਾਂ ਵਿਚ ਪਹਿਲਾਂ ਉਹ ਰਹਿ ਰਹੇ ਸਨ ਉਥੇ ਉਨ੍ਹਾਂ ਨੂੰ ਆਪਣੀ ਸੁਰੱਖਿਆ ਦਾ ਡਰ ਸੀ। ਇਸ ਦਾ ਇਨ੍ਹਾਂ ਅੰਕੜਿਆਂ ਤੇ ਪ੍ਰਭਾਵ

| | ਇਸਾਈ | ਜੈਨੀ | ਬੋਧੀ | ਮੁਸਲਮਾਨ | ਸਿੱਖ | ਹਿੰਦੂ |
|---|---|---|---|---|---|---|
| ਪੰਜਾਬ | | | | | | |
| 1981 | 1.10 | 0.16 | 0.00 | 1.00 | 60.75 | 36.93 |
| 1991 | 1.11 | 0.10 | 0.12 | 1.18 | 62.95 | 34.46 |
| ਹਰਿਆਣਾ | | | | | | |
| 1981 | 0.09 | 0.27 | 0.01 | 4.05 | 6.21 | 89.36 |
| 1991 | 0.10 | 0.21 | 0.01 | 4.64 | 5.81 | 89.21 |
| ਹਿਮਾਚਲ | | | | | | |
| 1981 | 0.09 | 0.02 | 1.23 | 1.63 | 1.22 | 95.77 |
| 1991 | 0.09 | 0.02 | 1.24 | 1.72 | 1.01 | 95.90 |
| ਦਿੱਲੀ | | | | | | |
| 1981 | 0.99 | 1.19 | 0.11 | 7.75 | 6.33 | 83.60 |
| 1991 | 0.88 | 1.00 | 0.15 | 9.44 | 4.84 | 83.67 |
| ਚੰਡੀਗੜ੍ਹ | | | | | | |
| 1981 | 0.99 | 0.42 | 0.10 | 2.02 | 21.11 | 75.27 |
| 1991 | 0.78 | 0.24 | 0.11 | 2.72 | 20.29 | 75.84 |

ਪਿਆ। ਉਹ ਜ਼ਿਆਦਾਤਰ ਗਵਾਂਢੀ ਰਾਜਾਂ ਤੋਂ ਤਾਂ ਆਏ ਹੀ ਸਨ ਪਰੰਤੂ ਦੂਰ ਦੂਰ ਤੋਂ ਵੀ ਆਏ ਸਨ ਜਿਵੇਂ ਮੱਧ ਪ੍ਰਦੇਸ਼ ਅਤੇ ਬਿਹਾਰ - ਇਹ ਰਾਜ "ਹਿੰਦੀ ਬੈਲਟ" ਵਾਲੇ ਹਨ। ਕੁੱਝ ਸਿੱਖ ਜਿਹੜੇ ਇਨ੍ਹਾਂ ਰਾਜਾਂ ਵਿਚ ਰਹਿ ਰਹੇ ਸਨ, ਪੰਜਾਬ ਦੀ ਬਜਾਏ ਦੱਖਣ ਜਾਂ ਪੂਰਬ ਵਾਲੇ ਪਾਸੇ ਸ਼ਿਫ਼ਟ ਕਰ ਗਏ। ਇਸ ਨਾਲ ਗੈਰ-ਹਿੰਦੀ ਬੋਲਦੇ ਭਾਰਤੀ ਸ਼ਹਿਰਾਂ ਵਿਚ ਸਿੱਖ ਜਨ-ਸੰਖਿਆ ਦਾ ਵਾਧਾ ਹੋਇਆ ਜਿਵੇਂ ਕਲਕੱਤਾ, ਗੁਹਾਟੀ, ਬੰਬਈ, ਪੂਨਾ, ਹੈਦਰਾਬਾਦ, ਬੰਗਲੌਰ, ਮਦਰਾਸ ਅਤੇ ਹੋਰ ਛੋਟੀਆਂ ਸਟੇਟਾਂ ਆਦਿ ਵਿਚ।

1970 ਦੇ ਸ਼ੁਰੂ ਤੋਂ ਜਾਂ ਕਰੀਬ 1960 ਦੇ ਆਖੀਰ ਤੋਂ ਪੰਜਾਬ ਨੂੰ ਮਜ਼ਦੂਰ ਆ ਰਹੇ ਸਨ। ਇਹ ਇਕ ਨਿਰੰਤਰ ਝੁਕਾਅ ਸੀ। 1981 ਦੀ ਮਰਦਮਸ਼ੁਮਾਰੀ ਵਿਚ ਪੰਜਾਬ ਵਿਚ 9 ਲੱਖ ਪਰਵਾਸੀ ਮਜ਼ਦੂਰ ਆਏ। ਇਨ੍ਹਾਂ 9 ਲੱਖਾਂ ਵਿਚੋਂ ਇਹ ਅਨੁਮਾਨ ਲਗਾਇਆ ਗਿਆ ਕਿ ਘੱਟ ਤੋਂ ਘੱਟ 7 ਲੱਖ ਹਿੰਦੂ ਸਨ (ਇਸ ਤਰ੍ਹਾਂ ਇਹ ਕੁਲ ਜਨ-ਸੰਖਿਆ ਦਾ 4.16 ਪ੍ਰਤਿਸ਼ਤ ਸਨ)। ਬਾਕੀ ਦੇ 2 ਲੱਖ ਹਿੰਦੂ, ਅਨੁਸੂਚਿਤ ਜਾਤੀ ਜਾਂ ਮੁਸਲਮਾਨ ਜਾਂ ਹੋਰ ਹੋ ਸਕਦੇ ਹਨ ਪਰੰਤੂ ਉਹ ਸਿੱਖ ਨਹੀਂ ਸਨ। ਜੇਕਰ ਅਸੀਂ ਪਰਵਾਸੀ ਮਜ਼ਦੂਰਾਂ ਨੂੰ ਵਿਚੋਂ ਘਟਾ ਦੇਈਏ (ਪੰਜਾਬ ਦੀ ਕੁਲ ਹਿੰਦੂ ਜਨ-ਸੰਖਿਆ ਦਾ 4.16 ਪ੍ਰਤਿਸ਼ਤ) ਤਾਂ 1981 ਦੀ ਮਰਦਮਸ਼ੁਮਾਰੀ ਦੀ ਹਿੰਦੂ ਜਨ-ਸੰਖਿਆ (ਦਲਿਤਾਂ ਅਤੇ ਅਨੁਸੂਚਿਤ ਜਾਤੀਆਂ ਸਮੇਤ) 34.66 ਪ੍ਰਤਿਸ਼ਤ ਤੋਂ 30.30 ਪ੍ਰਤਿਸ਼ਤ ਤਕ ਘੱਟ ਗਈ। ਇਸ ਜਨ-ਸੰਖਿਆ ਦਾ 40 ਪ੍ਰਤਿਸ਼ਤ ਦਲਿਤ ਹਨ, ਬਾਕੀ ਦੇ ਹੋਰਵੇਂ ਪੱਛੜੀਆਂ ਸ਼੍ਰੇਣੀਆਂ ਅਤੇ ਉੱਚੀਆਂ ਜਾਤਾਂ ਵਿਚਕਾਰ 60:40 ਦੇ ਅਨੁਪਾਤ ਵਿਚ ਵੰਡੇ ਜਾਂਦੇ ਹਨ। ਪਰਵਾਸੀ ਮਜ਼ਦੂਰਾਂ ਲਈ 1991 ਦੇ ਅੰਕੜੇ ਅਜੇ ਛਪੇ ਨਹੀਂ ਹਨ ਪਰੰਤੂ ਇਹ ਮੋਟਾ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਅੰਕੜਾ 12 ਲੱਖ ਤੋਂ ਘੱਟ ਨਹੀਂ ਹੋਵੇਗਾ।

ਐਮ.ਐਸ. ਧਾਮੀ, ਜਿਸਨੇ ਜਨ-ਸੰਖਿਆ ਦੇ ਝੁਕਾਓ ਦਾ ਵਿਸ਼ਲੇਸ਼ਣ ਕਰਦਿਆਂ ਕਈ ਸਾਲ ਲਗਾਏ, ਨੇ ਅਨੁਮਾਨ ਲਗਾਇਆ ਕਿ ਹਿੰਦੂਆਂ ਵਿਚ ਕਰੀਬ 39 ਪ੍ਰਤਿਸ਼ਤ ਉੱਚੀਆਂ ਜਾਤੀਆਂ ਨਾਲ ਸਬੰਧਤ ਹਨ (ਜਿਵੇਂ "ਉੱਚ ਜਾਤੀ" ਦੇ 4 ਪ੍ਰਤਿਸ਼ਤ ਸਿੱਖਾਂ ਵਿਰੁੱਧ); ਕਿਸਾਨ ਜਾਤੀਆਂ ਵਿਚ ਹਿੰਦੂ 12 ਪ੍ਰਤਿਸ਼ਤ ਹਨ ਜਦ ਕਿ ਸਿੱਖ 64 ਪ੍ਰਤਿਸ਼ਤ ਹਨ; ਕਾਰੀਗਰ ਜਾਤਾਂ ਵਿਚ ਹਿੰਦੂ ਲਗਭਗ 9 ਪ੍ਰਤਿਸ਼ਤ ਹਨ ਜਦ ਕਿ ਇਸ ਜਾਤੀ ਵਿਚ ਸਿੱਖ ਕਰੀਬ 12 ਪ੍ਰਤਿਸ਼ਤ ਹਨ; ਅਨੁਸੂਚਿਤ ਜਾਤਾਂ ਲਗਭਗ 40 ਪ੍ਰਤਿਸ਼ਤ ਹਿੰਦੂ ਅਤੇ 20 ਪ੍ਰਤਿਸ਼ਤ ਸਿੱਖਾਂ ਵਿਚ ਵੰਡੀਆਂ ਹੋਈਆਂ ਹਨ।

1991 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਦਹਾਕੇ ਦੌਰਾਨ ਸਰਬ ਭਾਰਤੀ ਗਣਨਾ ਅਨੁਸਾਰ ਬੋਧੀਆਂ ਦੀ ਜਨ-ਸੰਖਿਆ 35.98 ਪ੍ਰਤਿਸ਼ਤ, ਮੁਸਲਮਾਨਾਂ ਵਿਚ 32.75 ਪ੍ਰਤਿਸ਼ਤ ਅਤੇ ਸਿੱਖਾਂ ਦੀ ਜਨ-ਸੰਖਿਆ ਵਿਚ ਸਮੁੱਚੇ ਤੌਰ ਤੇ 25.48 ਪ੍ਰਤਿਸ਼ਤ ਵਾਧਾ ਹੋਇਆ ਹੈ।

ਇਹ 23.79 ਪ੍ਰਤਿਸ਼ਤ ਕੌਮੀ ਔਸਤ ਵਾਧੇ ਨਾਲੋਂ ਜ਼ਿਆਦਾ ਹੈ। ਇਨ੍ਹਾਂ ਅੰਕੜਿਆਂ ਤੋਂ ਦਲਿਤਾਂ ਅਤੇ ਕਬੀਲਿਆਂ ਦਾ ਇਨ੍ਹਾਂ ਧਰਮਾਂ ਵਲ ਰੁਝਾਨ ਦਾ ਪਤਾ ਲਗਦਾ ਹੈ।

1981 ਦੀ ਮਰਦਮ-ਸ਼ੁਮਾਰੀ ਅਨੁਸਾਰ ਪੰਜਾਬ ਦੀ ਅਬਾਦੀ 16.8 ਮਿਲੀਅਨ ਸੀ। ਸਿੱਖ ਜਨ-ਸੰਖਿਆ 1970 ਤੋਂ ਰਾਜ ਵਿਚ ਤੇਜ਼ੀ ਨਾਲ ਵੱਧ ਰਹੀ ਹੈ। 1971 ਵਿਚ ਇਹ 60.25 ਪ੍ਰਤਿਸ਼ਤ ਸੀ, 1981 ਵਿਚ 60.75 ਪ੍ਰਤਿਸ਼ਤ ਅਤੇ 1991 ਵਿਚ ਇਹ 62.25 ਪ੍ਰਤਿਸ਼ਤ ਹੋ ਗਈ। 1995 ਦੇ ਅਨੁਮਾਨ ਅਨੁਸਾਰ ਇਹ 65 ਪ੍ਰਤਿਸ਼ਤ ਦੇ ਲਗਭਗ ਹੋਵੇਗੀ।

1991 ਦੇ ਅੰਕੜਿਆਂ ਦੇ ਸਾਹਮਣੇ ਨਾ ਆਉਣ ਨਾਲ ਅਸੀਂ ਵੱਖ-ਵੱਖ ਧਾਰਮਿਕ ਗੁੱਟਾਂ ਦੀ ਇਲਾਕੇ-ਵਾਰ ਵੰਡ ਦਾ ਪਤਾ ਲਗਾਉਣ ਲਈ 1981 ਦੀ ਮਰਦਮ-ਸ਼ੁਮਾਰੀ ਵਲ ਝਾਤ ਮਾਰਦੇ ਹਾਂ। 1981 ਵਿਚ 66 ਪ੍ਰਤਿਸ਼ਤ ਹਿੰਦੂ ਸ਼ਹਿਰਾਂ ਵਿਚ ਰਹਿੰਦੇ ਸਨ।

ਖੇਤੀ ਕਰਨ ਵਾਲੇ ਜ਼ਿਆਦਾਤਰ ਸਿੱਖ ਸਨ ਜਦ ਕਿ ਖੇਤੀ ਨਾ ਕਰਨ ਵਾਲੀਆਂ ਉੱਚੀਆਂ ਜਾਤਾਂ ਜ਼ਿਆਦਾਤਰ ਹਿੰਦੂਆਂ ਦੀਆਂ ਸਨ। ਧਰਮ ਦੇ ਪੱਖੋਂ, ਖੇਤੀਬਾੜੀ ਕਰਨ ਵਾਲੇ ਸਿੱਖ ਕਰੀਬ 91 ਪ੍ਰਤਿਸ਼ਤ ਹਨ ਜਦੋਂ ਕਿ ਹਿੰਦੂਆਂ ਦੀ ਗਿਣਤੀ 9 ਪ੍ਰਤਿਸ਼ਤ ਹੈ। ਸਿੱਖ ਕਿਸਾਨਾਂ ਵਿਚ ਜ਼ਿਆਦਾ ਜੱਟ ਸਿੱਖ ਹਨ - ਇਸ ਇਕੱਲੀ ਸ਼੍ਰੇਣੀ ਨਾਲ 82 ਪ੍ਰਤਿਸ਼ਤ ਸਬੰਧਤ ਹਨ। ਜਿਨ੍ਹਾਂ ਪਾਸ ਜ਼ਮੀਨਾਂ ਨਹੀਂ ਹਨ ਉਨ੍ਹਾਂ ਦੀ ਗਿਣਤੀ ਪੰਜਾਬ ਦੀ ਕੁਲ ਅਬਾਦੀ ਦਾ 13 ਪ੍ਰਤਿਸ਼ਤ ਹੈ।

ਜਦ ਕਿ ਉੱਚੀਆਂ ਜਾਤਾਂ ਵਾਲੇ ਲੋਕ (ਬ੍ਰਾਹਮਣ, ਰਾਜਪੂਤ ਅਤੇ ਖਤਰੀ, ਅੱਗਰਵਾਲ) ਕੁਲ ਜਨ-ਸੰਖਿਆ ਦਾ 13 ਪ੍ਰਤਿਸ਼ਤ ਹਨ, ਇਨ੍ਹਾਂ ਵਿਚੋਂ 86 ਪ੍ਰਤਿਸ਼ਤ ਹਿੰਦੂ ਹਨ ਅਤੇ 14 ਪ੍ਰਤਿਸ਼ਤ ਸਿੱਖ ਹਨ।

1981 ਵਿਚ ਕੁਲ ਹਿੰਦੂ ਜਨ-ਸੰਖਿਆ ਵਿਚੋਂ 48 ਪ੍ਰਤਿਸ਼ਤ ਸ਼ਹਿਰਾਂ ਵਿਚ ਰਹਿੰਦੇ ਹਨ ਅਤੇ 52 ਪ੍ਰਤਿਸ਼ਤ ਪਿੰਡਾਂ ਵਿਚ ਰਹਿੰਦੇ ਹਨ। ਇਸ ਦੇ ਮੁਕਾਬਲੇ ਸਿੱਖਾਂ ਦੀ ਸ਼ਹਿਰੀ ਗਿਣਤੀ 15 ਪ੍ਰਤਿਸ਼ਤ ਹੈ ਅਤੇ 85 ਪ੍ਰਤਿਸ਼ਤ ਦਿਹਾਤ ਦੀ ਹੈ। ਲਗਭਗ ਕੁਲ ਸਿੱਖ ਸੰਖਿਆ ਦਾ ਦੋ ਤਿਹਾਈ ਹਿੱਸਾ ਖੇਤੀ ਕਰਨ ਵਾਲੀਆਂ ਜਾਤਾਂ ਹਨ।

(1981 ਦੀ ਮਰਦਮ-ਸ਼ੁਮਾਰੀ ਦੀ ਵਿਆਖਿਆ ਐਮ.ਐਸ.ਧਾਮੀ ਦੁਆਰਾ ਕੀਤੇ ਗਏ ਅਧਿਐਨ ਤੋਂ ਲਈ ਗਈ ਹੈ)।

ਸਿੱਖ ਵਿਚ ਜ਼ਾਤ-ਪਾਤ ਨੂੰ ਕੱਟੜਤਾ ਨਾਲ ਨਹੀਂ ਮੰਨਿਆਂ ਜਾਂਦਾ। ਜਦੋਂ ਕਿ ਭਾਰਤ ਸਰਕਾਰ ਉਨ੍ਹਾਂ ਦੀ ਗਿਣਤੀ ਜ਼ਾਤ-ਪਾਤ ਦੇ ਆਧਾਰ ਤੇ ਕਰਦੀ ਹੈ ਇਹ ਜਾਣ-ਬੁੱਝ ਕੇ ਹਿੰਦੂਆਂ ਵਾਲੇ ਪਾਸੇ ਨੂੰ ਖਿੱਚਦੀ ਹੈ। ਅਸਲੀ ਸਿੱਖ ਜ਼ਾਤ-ਪਾਤ ਅਤੇ ਆਪਣੀਆਂ ਪ੍ਰਥਾਵਾਂ ਤੋਂ ਬਿਲਕੁਲ ਮੁਕਤ ਨਹੀਂ ਹਨ ਲੇਕਿਨ ਇਸ ਧਾਰਨਾ ਦੀ ਸਿੱਖ ਧਰਮ ਵਿਚ ਕੋਈ ਥਾਂ ਨਹੀਂ ਹੈ। ਜ਼ਾਤ-ਪਾਤ

ਦਾ ਭੇਦ-ਭਾਵ ਅੱਤਵਾਦ ਦੌਰਾਨ ਵੀ ਘੱਟ ਗਿਆ। ਸਿੱਖਾਂ ਅੰਦਰ ਜ਼ਾਤ-ਪਾਤ ਦਾ ਭੇਦ ਮੁੱਖ ਤੌਰ ਤੇ ਵਿਆਹ-ਸ਼ਾਦੀਆਂ ਸਮੇਂ ਰੱਖਿਆ ਜਾਂਦਾ ਹੈ ਪਰੰਤੂ ਬਹੁਤ ਸਾਰੇ ਕਾਰਜਾਂ ਵਿਚ ਜ਼ਾਤ-ਪਾਤ ਦੇ ਬੰਧਨ ਸਖਤ ਨਹੀਂ ਹਨ।

*ਜੋੜ-ਬੰਦੀ ਅਤੇ ਖਾਮੋਸ਼ੀ*

ਜਿਵੇਂ ਸਾਬਕਾ ਡੀ ਜੀ ਪੀ ਕੇ. ਐਸ. ਢਿੱਲੋਂ ਨੇ "ਪੰਜਾਬ ਵਿਚ ਅੱਤਵਾਦ ਅਤੇ ਹਿੰਸਾ ਦਾ ਦਹਾਕਾ, 1981-1991" ਵਿਚ ਲਿਖਿਆ : "ਭਾਰਤੀ ਰਾਸ਼ਟਰੀ ਕਾਂਗਰਸ ਨੇ ਪੰਜਾਬ ਵਿਚ ਅਕਾਲੀ ਪਾਰਟੀ ਨੂੰ ਸੱਤਾ ਵਿਚ ਆਉਣ ਤੋਂ ਰੋਕਣ ਲਈ ਬੜੀ ਕੋਝੀ ਸਿਆਸਤ ਖੇਡੀ। ਕਾਂਗਰਸ ਦੀਆਂ ਚਾਲਾਂ ਦਾ ਮਤਲਬ ਨਾ ਕੇਵਲ ਅਕਾਲੀਆਂ ਨੂੰ ਸੱਤਾ ਵਿਚ ਆਉਣ ਤੋਂ ਰੋਕਣਾ ਹੀ ਸੀ ਬਲਕਿ ਉਨ੍ਹਾਂ ਨੂੰ ਸਿੱਖਾਂ ਦੀ ਅਸਲੀ ਰਾਜਨੀਤਕ ਆਵਾਜ਼ ਵਜੋਂ ਵੀ ਖ਼ਤਮ ਕਰਨਾ ਸੀ।"

"ਅਸਲੀ ਰਾਜਨੀਤਕ ਆਵਾਜ਼" ਸਾਰੇ ਭਾਰਤ ਭਰ ਵਿਚ ਸਮੱਸਿਆ ਦੀ ਜੜ੍ਹ ਹੈ ਲੇਕਿਨ ਸਿੱਖ ਵਿਸ਼ੇਸ਼ ਕਰਕੇ ਸਖਤ ਮੰਗ ਲਈ ਆਵਾਜ਼ ਉਠਾ ਰਹੇ ਹਨ। ਇਹ ਜ਼ਿਆਦਾਤਰ ਇਕ ਬਹੁਤ ਸਹੀ ਢੰਗ ਕਾਰਨ ਹੈ ਜਿਸ ਵਿਚ ਸਿੱਖ ਆਪਣੇ ਆਪ ਨੂੰ ਦੇਖਦੇ ਹਨ।

ਸਿੱਖਾਂ ਨੂੰ ਆਪਣੇ ਧਰਮ ਤੇ ਮਾਣ ਹੈ ਅਤੇ ਉਹ ਗੁਰੂਆਂ ਦੀ ਸਿਖਿਆ ਦਾ ਬਹੁਤ ਸਤਿਕਾਰ ਕਰਦੇ ਹਨ ਜਿਨ੍ਹਾਂ ਨੇ ਅੰਧਵਿਸ਼ਵਾਸ ਅਤੇ ਸਾਮੰਤਵਾਦ ਸਿਸਟਮ ਦੀ ਵਿਰੋਧਤਾ ਕੀਤੀ। ਸਿਖਿਆ ਦੇ ਪਰਸਾਰ ਨਾਲ ਨੌਜਵਾਨ ਸਿੱਖਾਂ ਨੇ ਉਨ੍ਹਾਂ ਦੇ ਵਿਸ਼ਵਾਸ ਦੇ ਸਿਧਾਂਤਾਂ ਨੂੰ ਰੱਦ ਨਹੀਂ ਕੀਤਾ ਬਲਕਿ ਉਹ ਇਨ੍ਹਾਂ ਸਿਧਾਂਤਾਂ ਦੀ ਸਖਤੀ ਨਾਲ ਪਾਲਣਾ ਕਰਨ ਲਈ ਬੇਚੈਨ ਵੀ ਹੋਏ।

ਉਨ੍ਹਾਂ ਨੂੰ ਆਪਣੇ ਵਿਰਸੇ ਅਤੇ ਕਿਸੇ ਸਖਤ ਚੁਣੌਤੀਆਂ ਦਾ ਡੱਟ ਕੇ ਮੁਕਾਬਲਾ ਕਰਨ ਲਈ ਆਪਣੀ ਤਾਕਤ ਤੇ ਮਾਣ ਹੈ। ਉਨ੍ਹਾਂ ਨੇ 1947 ਵਿਚ ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਪੰਜਾਬ ਦਾ ਬਟਵਾਰਾ ਹੋਇਆ ਸੀ, ਫਿਰ 1965 ਅਤੇ 1971 ਵਿਚ ਭਾਰਤ ਅਤੇ ਪਾਕਿਸਤਾਨ ਦੇ ਯੁੱਧ ਹੋਏ ਸਨ, ਵਿਚ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਉਠਾਇਆ ਸੀ, ਦੋਹਾਂ ਸਮਿਆਂ ਤੇ ਸਿੱਖਾਂ ਨੇ ਨਾ ਕੇਵਲ ਫੌਜੀ ਕਾਰਵਾਈ ਵਿਚ ਹੀ ਡੱਟ ਕੇ ਜੌਹਰ ਦਿਖਾਏ ਬਲਕਿ ਉਨ੍ਹਾਂ ਪਿੰਡਾਂ, ਜਿਹੜੇ ਸਰਹੱਦ ਤੇ ਸਥਿਤ ਸਨ ਅਤੇ ਜਿਨ੍ਹਾਂ ਵਿਚ ਲਗਭਗ ਸਿੱਖ ਹੀ ਰਹਿੰਦੇ ਸਨ, ਦੇ ਖੇਤਾਂ ਵਿਚ ਟੈਂਕ ਫਿਰਦੇ ਸਨ ਅਤੇ ਦੁਸ਼ਮਣ ਦੇ ਜਹਾਜ਼ ਉਨ੍ਹਾਂ ਦੇ ਸਿਰਾਂ ਉਤੋਂ ਦੀ ਲੰਘਦੇ ਸਨ। ਪਿੰਡਾਂ ਵਾਲਿਆਂ ਨੇ ਫੌਜੀਆਂ ਦੀ ਬੜੀ ਸੇਵਾ ਕੀਤੀ ਅਤੇ ਫੌਜੀ ਸਿਪਾਹੀਆਂ ਜਿਨ੍ਹਾਂ ਵਿਚ ਬਹੁਤੇ ਸਿੱਖ ਸਨ, ਪ੍ਰਤਿ ਬੜੀ ਉਦਾਰਤਾ ਵਾਲਾ ਰਵੱਈਆ ਦਿਖਾਇਆ।

13 ਅਪ੍ਰੈਲ, 1998 ਦੇ **ਇੰਡੀਆ ਟੁਡੇ** ਵਿਚ ਦੱਸਿਆ ਗਿਆ ਕਿ

"1947 ਵਿਚ 90 ਪ੍ਰਤਿਸ਼ਤ ਫੌਜ ਉੱਤਰ-ਪੱਛਮੀ ਭਾਰਤ ਤੋਂ ਸੀ ਅਤੇ ਉਹ ਵੀ ਲਗਭਗ ਦਿਹਾਤੀ ਇਲਾਕਿਆਂ ਵਿਚੋਂ ਸੀ ...

1965-66 ਤਕ 31 ਪ੍ਰਤਿਸ਼ਤ ਫੌਜੀ ਪੰਜਾਬ 'ਚੋਂ ਭਰਤੀ ਕੀਤੇ ਗਏ ਸਨ ਅਤੇ 18 ਪ੍ਰਤਿਸ਼ਤ ਉੱਤਰ ਪ੍ਰਦੇਸ਼ ਵਿਚੋਂ ਮੁੱਖ ਤੌਰ ਤੇ ਇਸ ਦੇ ਪਹਾੜੀ ਇਲਾਕਿਆਂ ਵਿਚੋਂ ਸਨ। 1984 ਤੋਂ ਫੌਜ ਦੀ ਭਰਤੀ 'ਭਰਤੀਯੋਗ ਸੰਖਿਆ' (ਆਰ ਐਮ ਪੀ) ਦੇ ਆਧਾਰ ਤੇ ਕਰਨੀ ਸ਼ੁਰੂ ਕਰ ਦਿੱਤੀ ਗਈ, ਇਹ ਕਿਸੇ ਵਿਸ਼ੇਸ਼ ਰਾਜ ਵਿਚਲੀ ਜਨ-ਸੰਖਿਆ ਵਿਚ 17 ਅਤੇ 25 ਸਾਲ ਦੇ ਪੁਰਸ਼ਾਂ ਦੇ ਅਨੁਪਾਤ ਤੋਂ ਨਿਰਧਾਰਤ ਕੀਤੀ ਜਾਂਦੀ ਸੀ।" ਇਸ ਤਰ੍ਹਾਂ ਫੌਜ ਅਤੇ ਨੀਮ ਫੌਜੀ ਬਲਾਂ ਵਿਚ ਸਿੱਖਾਂ ਦੀ ਭਰਤੀ 2.2 ਪ੍ਰਤਿਸ਼ਤ ਤਕ ਘੱਟ ਗਈ।

ਅੰਗ੍ਰੇਜ਼ਾਂ ਦੇ ਰਾਜ ਵਿਚ ਉਹ ਸਿੱਖਾਂ ਨੂੰ "ਮਾਰਸ਼ਲ ਕੌਮਾਂ" ਦੀ ਆਪਣੀ ਸੂਚੀ ਵਿਚ ਸਭ ਤੋਂ ਅੱਗੇ ਰਖਦੇ ਸਨ - ਇਸ ਦਾ ਮਤਲਬ ਇਹ ਹੈ ਕਿ ਉਹ ਸਿੱਖਾਂ ਨੂੰ ਫੌਜ ਵਿਚ ਭਰਤੀ ਕਰਨ ਲਈ ਇਕ ਬਹੁਤ ਹੀ ਵਧੀਆ ਤਾਕਤ ਸਮਝਦੇ ਸਨ। "ਮਾਰਸ਼ਲ ਕੌਮ" ਇਕ ਗੁਮਰਾਹ ਕਰਨ ਵਾਲਾ ਲੇਬਲ ਹੈ ਚਾਹੇ ਬਹੁਤੇ ਸਿੱਖ ਇਸ ਸ਼ਬਦ ਨੂੰ ਬੜੇ ਮਾਣ ਨਾਲ ਲੈਂਦੇ ਹਨ। ਰੁਜ਼ਗਾਰ ਦੇ ਮੌਕਿਆਂ ਦੇ ਅਰਥਾਂ ਵਿਚ ਇਸ ਲੇਬਲ ਨੇ ਇਕ ਸਮੇਂ ਸਿੱਖਾਂ ਦੀ ਮਦਦ ਕੀਤੀ ਪਰੰਤੂ ਇਸ ਲੇਬਲ ਨੇ ਸਿੱਖਾਂ ਦਾ ਨੁਕਸਾਨ ਵੀ ਕੀਤਾ। ਇਹ ਲੇਬਲ ਸਿੱਖ ਦੇ ਇਕ ਹਿੰਸਕ, ਜ਼ਾਲਮ, ਨਿਰਦਈ ਵਜੋਂ ਨਕਲੀ ਬਿੰਬ ਵਿਚ ਇਕ ਮੁੱਖ ਤੱਤ ਰਿਹਾ ਹੈ। ਸਿੱਖ ਇਕ ਜ਼ਮੀਰ ਵਾਲਾ ਸਿਪਾਹੀ ਹੈ ਨਾ ਕਿ ਇਕ ਸਿਪਾਹੀ ਹੋਣ ਵਜੋਂ ਸਿਪਾਹੀ। ਉਸ ਦੇ ਗੁਰੂ ਦੀ ਇਸ ਪ੍ਰਤਿ ਸਿਖਿਆ ਬੜੀ ਸਿੱਧੀ ਸਾਦੀ ਹੈ : ਤਲਵਾਰ ਕੇਵਲ ਉਦੋਂ ਹੀ ਉਠਾਉਣੀ ਚਾਹੀਦੀ ਹੈ ਜਦੋਂ ਝਗੜੇ ਦਾ ਹਲ ਕਰਨ ਦੇ ਹੋਰ ਸਾਰੇ ਸਾਧਨ ਅਸਫਲ ਹੋ ਜਾਣ। ਸਵਾਰਥੀ ਸੈਨਿਕਤਾ ਇਕ ਮਜਬੂਰੀ ਸੀ ਅਤੇ ਇਸ ਧਰਮ ਦੁਆਰਾ ਉਲੰਘਣਾ ਕਰਨ ਦੀ ਮਨਾਹੀ ਸੀ।

ਇਹ ਸੱਚ ਹੈ ਕਿ ਸਿੱਖਾਂ ਨੂੰ ਜਿਊਣ ਲਈ ਲੜਨਾ ਪਿਆ ਸੀ ਅਤੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੁਆਰਾ ਉਨ੍ਹਾਂ ਨੂੰ ਦਿੱਤੇ ਗਏ ਮਿਲਟਰੀ ਉਪਦੇਸ਼ਾਂ ਦੀ ਸਖਤੀ ਨਾਲ ਪਾਲਣਾ ਕੀਤੀ ਪਰੰਤੂ ਇਹ ਉਸ ਤੋਂ ਇਕ ਬਹੁਤ ਵੱਖਰੀ ਚੀਜ਼ ਹੈ ਜਿਹੜਾ ਬਿਨਾਂ ਕਿਸੇ ਕਾਰਣ ਕਿਸੇ ਨੂੰ ਮਾਰਨ ਲਈ ਤਿਆਰ ਹੈ। ਸਿੱਖ ਬਾਕੀ ਦੇ ਫਿਰਕੇ ਤੋਂ "ਸੁਭਾਵਕ ਤੌਰ ਤੇ" ਜ਼ਿਆਦਾ ਹਿੰਸਕ, ਜ਼ਾਲਮ ਅਤੇ ਨਿਰਦਈ ਨਹੀਂ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਾਮਰਾਜੀ ਰਾਜ ਨਾਲੋਂ ਕਈ ਤਰ੍ਹਾਂ ਚੰਗਾ ਸੀ : ਮੌਤ ਦੀ ਸਜ਼ਾ ਖ਼ਤਮ ਕਰ ਦਿੱਤੀ ਗਈ ਸੀ ਅਤੇ ਘੱਟ ਗਿਣਤੀਆਂ ਦੀਆਂ ਜਾਨਾਂ ਅਤੇ ਸੰਪਤੀ ਸੁਰੱਖਿਅਤ ਸੀ। ਇਸ ਸਬੰਧੀ ਕਿਸੇ ਵੀ ਸਿੱਖ ਰਾਜ ਵਿਚ ਘੱਟ ਗਿਣਤੀਆਂ ਤੇ ਅਤਿਆਚਾਰ ਨਹੀਂ ਕੀਤਾ ਗਿਆ ਸੀ। ਸਿੱਖ ਮਰਯਾਦਾ ਜ਼ਬਰਦਸਤੀ ਧਰਮ ਬਦਲਣ ਤੋਂ ਮਨਾਹੀ ਕਰਦੀ ਹੈ ਅਤੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਸਾਹਿਬ ਨੇ ਕਸ਼ਮੀਰ ਦੇ

ਬ੍ਰਾਹਮਣਾਂ (ਸਿੱਖਾਂ ਦੇ ਸਿਧਾਂਤਕ ਤੌਰ ਤੇ ਵਿਰੋਧੀ) ਨੂੰ ਜ਼ਬਰਦਸਤੀ ਧਰਮ ਬਦਲਣ ਦੀ ਕੋਸ਼ਿਸ਼ ਨੂੰ ਨਾਕਾਮ ਬਣਾਉਣ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ।

ਸੰਕਟ-ਕਾਲ ਦੌਰਾਨ (1975 ਤੋਂ 1977) ਜਦੋਂ ਸੰਕਟ-ਕਾਲ ਵਿਰੋਧੀ ਲਹਿਰ ਬਾਕੀ ਸਾਰੇ ਦੇਸ਼ ਵਿਚ ਠੁੱਸ ਹੋ ਗਈ ਸੀ, ਪੰਜਾਬ ਕੇਂਦਰ ਸਰਕਾਰ ਦੀ ਵਿਰੋਧਤਾ ਕਰਦਾ ਰਿਹਾ। ਇਸ ਸਮੇਂ ਦੌਰਾਨ ਰਾਜ ਵਿਚ 50,000 ਸਿੱਖਾਂ ਨੇ ਗਿਰਫਤਾਰੀ ਦਿੱਤੀ ਅਤੇ ਲਹਿਰ ਦੇ ਕੁੱਝ ਚੋਟੀ ਦੇ ਨੇਤਾਵਾਂ ਨੇ ਦਰਬਾਰ ਸਾਹਿਬ ਵਿਖੇ ਪਨਾਹ ਲਈ।

ਸਿੱਖਾਂ ਨੇ ਕਈ ਦਹਾਕਿਆਂ ਤੋਂ ਭਾਰਤ ਲਈ ਸੰਘੀ ਢਾਂਚੇ ਦੀ ਵਕਾਲਤ ਕੀਤੀ ਹੈ। ਕੇਂਦਰ ਸਰਕਾਰ ਵਲੋਂ ਸਿੱਖਾਂ ਤੇ ਸਖਤੀ ਕਰਨ ਦਾ ਇਕ ਕਾਰਣ ਇਹ ਸੀ ਉਨ੍ਹਾਂ ਦੀ ਇਸ ਮੰਗ ਨੂੰ ਠੁੱਸ ਕਰ ਦੇਣਾ। ਲੇਕਿਨ ਉਹ ਬਹੁਤ ਲੇਟ ਸਨ; ਕਈ ਹੋਰ ਰਾਜ ਅਤੇ ਅੰਦੋਲਨ ਭਾਰਤੀ ਸੰਵਿਧਾਨ ਵਿਚ ਮੂਲ ਸੋਧਾਂ ਚਾਹੁੰਦੇ ਹਨ ਜਿਸ ਨਾਲ ਰਾਜਾਂ ਨੂੰ ਹੋਰ ਸ਼ਕਤੀਆਂ ਮਿਲਣਗੀਆਂ।

ਸਿੱਖ ਆਪਣੇ ਆਪ ਵਿਚ ਇਕ ਬਹੁਤ ਮਿਹਨਤੀ ਅਤੇ ਵੱਧ ਤੋਂ ਵੱਧ ਜੋਖਮ ਉਠਾਉਣ ਵਾਲੀ ਕੌਮ ਹੈ ਅਤੇ ਇਸੇ ਕਰਕੇ ਹੀ ਭਾਰਤ ਵਿਚ - ਪੰਜਾਬ ਦੀ ਆਰਥਿਕ ਦਰ ਵੱਧ ਹੈ। ਦਰਅਸਲ, ਜਿਵੇਂ ਸਿੱਖਾਂ ਤੋਂ ਵੇਖਣ ਨੂੰ ਲਗਦਾ ਹੀ ਹੈ, ਜੇਕਰ ਉਹ ਭਾਰਤੀ ਸੰਘ ਤੋਂ ਵੱਖ ਵੀ ਹੋਣ ਤਾਂ ਉਹ ਹਾਂਗ-ਕਾਂਗ-ਤਾਈਵਾਨ-ਕੋਰੀਆ ਸੰਘ ਨਾਲ ਗਠਜੋੜ ਕਰ ਸਕਦੇ ਹਨ। ਇਹ ਨਿੱਜੀ ਪੱਧਰ ਤੇ ਵੀ ਸੰਭਵ ਹੈ : ਬੜੀ ਮੁਸ਼ਕਲ ਨਾਲ ਹੀ ਕੋਈ ਅਜਿਹਾ ਸਿੱਖ ਪਰਿਵਾਰ ਹੋਵੇਗਾ ਜਿਸਦੇ ਵਿਦੇਸ਼ ਵਿਚ ਖਾਂਦੇ-ਪੀਂਦੇ ਰਿਸ਼ਤੇਦਾਰ ਨਾ ਹੋਣ।

ਸਿੱਖ ਨੂੰ ਉੱਚਾ ਚੁੱਕਣ ਲਈ ਇਸ ਦੇ ਸਵੈ-ਪ੍ਰਤਿਬਿੰਬ ਅਤੇ ਇਕ ਆਲ੍ਹਾ ਪ੍ਰਗਤੀਵਾਦ ਸਚਾਈ ਦਾ ਮੁਕਾਬਲਾ ਕਰਨ ਲਈ ਭਾਰਤ ਦੀ ਪ੍ਰਬੰਧਕੀ ਪ੍ਰਣਾਲੀ ਤੇ ਆਮ ਕਰਕੇ ਅਤੇ ਪੰਜਾਬ ਤੇ ਖਾਸ ਕਰਕੇ ਅੰਗ੍ਰੇਜ਼ੀ ਸਾਮਰਾਜ ਦੇ ਸੁਆਰਥੀ ਸੁਭਾਅ ਦਾ ਅਸਰ ਅਜੇ ਵੀ ਹੈ ਅਤੇ ਰਾਜਨੀਤਕ ਪ੍ਰਣਾਲੀ ਨੂੰ ਨਵੇਂ ਤੱਤਵਾਂ ਨੂੰ ਰੋਕਣ ਦੇ ਨਜ਼ਰੀਏ ਨਾਲ ਤਰੋੜ-ਮਰੋੜ ਲਿਆ ਜਾਂਦਾ ਹੈ।

ਇਹ ਵਿਅੱਕਤੀਗਤ ਰੂਪ ਵਿਚ ਮਾਈਕਰੋ-ਪੱਧਰ ਤੇ ਚਲਦਾ ਹੈ ਅਤੇ ਇਕੱਠ ਦੇ ਰੂਪ ਵਿਚ ਅੱਗੇ ਤੋਂ ਅੱਗੇ ਵਧਦਾ ਜਾਂਦਾ ਹੈ। ਪਿਛਲੇ ਦਹਾਕੇ ਦੌਰਾਨ, ਇਹ ਆਮ ਸੁਣਨ ਵਿਚ ਆਉਂਦਾ ਸੀ ਕਿ ਸਿੱਖ ਨੇਤਾ "ਦਿੱਲੀ ਦਰਬਾਰ" ਵਿਰੁੱਧ ਜੱਦੋ-ਜਹਿਦ ਦੀ ਗੱਲ ਕਰਦੇ ਹਨ। (ਇਹ ਸ਼ਾਇਦ ਮੁਗ਼ਲ ਬਾਦਸ਼ਾਹਾਂ ਦੇ ਜ਼ੁਲਮ ਵਿਰੁੱਧ ਡੱਟ ਜਾਣ ਵਾਲੇ ਗੁਰੂਆਂ ਦੀ ਕੁਰਬਾਨੀ ਤੋਂ ਪ੍ਰੇਰਣਾ ਸੀ)। ਕੇਂਦਰ ਵਿਚ ਕਾਂਗਰਸ ਸਰਕਾਰ ਕੁਦਰਤੀ ਨਿਆਂ ਅਤੇ ਕਾਨੂੰਨ ਦੇ ਰਾਜ ਲਈ ਇਸਦੀ ਕੇਵਲ ਲਾਪਰਵਾਹੀ ਵਿਚ ਅੰਗ੍ਰੇਜ਼ੀ ਸਾਮਰਾਜ ਨਾਲੋਂ ਵੱਖ ਇਕ "ਸਾਮਰਾਜੀ ਹੁਕਮਰਾਨ" ਵਜੋਂ ਦਿਖਾਈ ਦਿੰਦੀ ਹੈ। ਇਹ ਸਭ ਕੁਝ ਪੰਜਾਬ ਵਿਚ ਅੰਗ੍ਰੇਜ਼ੀ ਸਾਮਰਾਜ ਵਰਗਾ ਰਾਜ ਕਾਇਮ ਕਰਨ ਲਈ

ਕੀਤਾ ਗਿਆ ਸੀ ਪਰੰਤੂ ਜਦੋਂ ਇਸ ਨੂੰ ਸਥਾਨਕ ਮਾਰ ਪਈ ਤਾਂ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਭਾਵ ਪੈਣਾ ਰੁਕ ਗਿਆ ਅਤੇ ਇਸ ਨੇ ਲਗਭਗ 10 ਸਾਲਾਂ ਲਈ ਨਾ ਕੇਵਲ ਰਾਜ ਅਤੇ ਸੰਸਦੀ ਪ੍ਰਤਿਨਿਧਾਂ ਨੂੰ ਬਲਕਿ ਪੰਚਾਇਤਾਂ ਅਤੇ ਵਿਦਿਆਰਥੀ ਯੂਨੀਅਨਾਂ ਦੇ ਨੇਤਾ ਚੁਣਨ ਲਈ ਲੋਕਾਂ ਦੇ ਲੋਕਤਾਂਤ੍ਰਿਕ ਹੱਕ ਨੂੰ ਖ਼ਤਮ ਕਰਨ ਲਈ ਕੋਈ ਹਿਚਕਚਾਹਟ ਨਹੀਂ ਦਿਖਾਈ।

ਇਸ ਹਾਲਾਤ ਵਿਚ, ਅੱਤਵਾਦ ਦਾ ਜ਼ੋਰ ਪਕੜ ਜਾਣਾ ਹੈਰਾਨੀ ਵਾਲੀ ਗੱਲ ਨਹੀਂ ਸੀ। ਜ਼ੁਲਮ ਕੀਤਾ ਜਾਂਦਾ ਹੈ ਪਰੰਤੂ ਇਸ ਦੀ ਕੋਈ ਜ਼ਿੰਮੇਵਾਰੀ ਨਹੀਂ ਮਿੱਥੀ ਜਾਂਦੀ ਅਤੇ ਇਸ ਦਾ ਮਤਲਬ ਹੈ ਬਗਾਵਤ। ਲੇਕਿਨ ਕਿਰਪਾ ਕਰਕੇ ਸ਼ਬਦ "ਜ਼ੋਰ ਪਕੜ ਜਾਣ" (ਇੰਟੈਂਸੀਫਿਕੇਸ਼ਨ) ਨੂੰ ਨੋਟ ਕੀਤਾ ਜਾਵੇ। ਸਾਰੇ ਸੱਤਰਵਿਆਂ ਦੇ ਦੌਰਾਨ, ਪੰਜਾਬ ਵਿਚ ਇਕ ਰੈਡੀਕਲ ਕੜੀ, ਨਵੇਂ ਖਾੜਕੂ ਪੁੰਗਰਦੇ ਰਹੇ ਸਨ।

ਇਹ ਇਕ ਬਹੁਤ ਤੇਜ਼ੀ ਨਾਲ ਤਬਦੀਲੀ ਲਿਆਉਣ ਵਾਲਾ ਦਹਾਕਾ ਸੀ। ਚਾਹੇ ਰਾਜ ਸਸਤੇ ਬੀਜ ਅਤੇ ਖਾਦ ਅਤੇ ਸੰਸਥਾਨਕ ਪੈਸੇ ਰਾਹੀਂ ਇਕ ਬਹੁਤ ਪੈਦਾਵਾਰੀ ਵਾਲਾ ਸੂਬਾ ਬਣ ਗਿਆ ਸੀ ਕਿਉਂਕਿ ਕੀਮਤਾਂ ਨੂੰ ਬਣਾਉਟੀ ਤੌਰ ਤੇ ਘੱਟ ਰੱਖਿਆ ਗਿਆ ਸੀ, ਲੇਕਿਨ ਕਿਸਾਨਾਂ ਦਾ ਅਸਲ ਮੁਨਾਫਾ ਨਹੀਂ ਵਧਿਆ।

ਇਹ ਦੋਗਲੇ ਬੀਜਾਂ, ਮਸ਼ੀਨੀਕਰਨ, ਟਿਊਬਵੈਲਾਂ ਰਾਹੀਂ ਸਿੰਜਾਈ, ਸਮਰਥਨ ਕੀਮਤਾਂ ਅਤੇ ਇਕ ਏਕੀਕ੍ਰਿਤ ਮੰਡੀਕਰਨ ਪ੍ਰਣਾਲੀ ਦਾ ਯੁੱਗ ਸੀ।

ਕਿਸਾਨ ਨੂੰ ਸਿਰਫ ਉਸ ਹੱਦ ਤਕ ਹੀ ਫਾਇਦਾ ਹੁੰਦਾ ਸੀ ਕਿ ਉਹ ਜ਼ਮੀਨ ਦਾ ਮਾਲਕ ਹੈ .... ਪਰੰਤੂ ਬਹੁਤ ਸਾਰੇ ਕਿਸਾਨ ਪਰਿਵਾਰਾਂ ਕੋਲ ਪੰਜ ਏਕੜਾਂ ਤੋਂ ਘੱਟ ਜ਼ਮੀਨ ਹੈ ਅਤੇ ਉਨ੍ਹਾਂ ਦੇ ਲੜਕੇ ਵੱਡੇ ਹੋਣ ਨਾਲ ਇਹ ਜ਼ਮੀਨ ਅੱਗੇ ਟੁਕੜਿਆਂ ਵਿਚ ਵੰਡੀ ਗਈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ-ਸ਼ਾਸਤਰੀਆਂ ਨੇ ਚਿਤਾਵਨੀ ਦਿੱਤੀ ਕਿ 15 ਏਕੜ ਤੋਂ ਘੱਟ ਖੇਤੀ ਕਰਨਾ ਆਰਥਕ ਤੌਰ ਤੇ ਲਾਹੇਵੰਦ ਨਹੀਂ ਹੋਵੇਗਾ। ਇਸ ਸਮੇਂ ਦੌਰਾਨ ਕਿਸਾਨਾਂ ਸਿਰ ਕਰਜ਼ਾ ਵਧਦਾ ਗਿਆ। ਪੰਜਾਬ ਬਾਕੀ ਦੇ ਭਾਰਤ ਦੀ ਗਰੀਬੀ ਨੂੰ ਦੂਰ ਕਰਨ ਲਈ ਵਰਤਿਆ ਜਾ ਰਿਹਾ ਸੀ।

ਪੰਜਾਬ ਦੇ ਕਿਸਾਨਾਂ ਦੀ ਮਾੜੀ ਹਾਲਤ ਦਾ ਸਬੂਤ ਉਨ੍ਹਾਂ ਦੁਆਰਾ ਕੀਤੀਆਂ ਜਾ ਰਹੀਆਂ ਆਤਮ-ਹੱਤਿਆਵਾਂ ਦੀ ਦਰ ਤੋਂ ਮਿਲਦਾ ਹੈ : ਪਿੰਡ ਗੁਲੈਹਰੀ, ਸਬ-ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ ਜੋ ਕਿ ਪੰਜਾਬ ਦੇ ਹਰਿਆਣਾ ਨਾਲ ਲਗਦੇ ਬਾਰਡਰ ਨਾਲ ਲਗਦਾ ਹੈ, ਵਿਚ ਦੋ ਸਾਲਾਂ ਦੌਰਾਨ ਨੌਂ ਆਤਮ-ਹੱਤਿਆਵਾਂ ਦੇ ਕੇਸ ਹੋਏ। ਇਹ 18 ਤੋਂ 55 ਸਾਲਾਂ ਦੇ ਵਿਅਕਤੀ ਸਨ ਅਤੇ ਉਨ੍ਹਾਂ ਵਿਚ ਕਈ ਕਿਸਾਨ ਬਹੁਤੀ ਜ਼ਮੀਨ ਵਾਲੇ ਸਨ। ਨੇੜਲੇ ਪਿੰਡਾਂ ਬੰਗਾ, ਚੋਟੀਆਂ, ਬੁਲਰਾਂ, ਚੁੜਲਕਲਾਂ, ਭਾਕੋ ਕਲਾਂ ਅਤੇ ਬਸੈਰਾ ਵਿਚ ਚਾਰ ਸਾਲਾਂ ਦੌਰਾਨ ਕ੍ਰਮਵਾਰ 18, 25, 30, 12, 10 ਅਤੇ 9 ਕਿਸਾਨ ਅਤੇ ਖੇਤੀਹਰ

ਮਜ਼ਦੂਰਾਂ ਦੀਆਂ ਜਾਨਾਂ ਗਈਆਂ। ਜੇਕਰ ਅਸੀਂ ਦੋ ਪਿੰਡਾਂ ਵਿਚ ਇਕ ਆਤਮ-ਹੱਤਿਆ ਲਈਏ ਤਾਂ ਪੰਜਾਬ ਦੇ ਦਿਹਾਤੀ ਇਲਾਕੇ ਵਿਚ 13,000 ਪਿੰਡਾਂ ਵਿਚ ਲਗਭਗ ਸਾਲਾਨਾ ਘੱਟ ਤੋਂ ਘੱਟ 6,000 ਮੌਤਾਂ ਬਣਦੀਆਂ ਹਨ। ਇਸ ਤੋਂ ਅਰਥਚਾਰੇ ਨੂੰ ਬੁਰੀ ਤਰ੍ਹਾਂ ਤਬਾਹ ਕਰਨ ਦਾ ਸੰਕੇਤ ਮਿਲਦਾ ਹੈ ਅਤੇ ਪੰਜਾਬ ਵਿਚ ਖੇਤੀ ਕਰਨ ਵਾਲੇ ਫਿਰਕੇ ਤੇ ਜਾਣ-ਬੁੱਝ ਕੇ ਕੀਤਾ ਜਾਣ ਵਾਲਾ ਜ਼ੁਲਮ ਹੈ ਅਤੇ ਇਹ ਪੰਜਾਬ ਦੇ ਕਿਸਾਨਾਂ ਜੋ ਕਿ ਜ਼ਿਆਦਾਤਰ ਸਿੱਖ ਹਨ, ਵਿਰੁੱਧ ਰਾਜ ਵਿਚ ਆਰਥਕ ਅੱਤਵਾਦ ਤੋਂ ਘੱਟ ਨਹੀਂ ਹੈ। ਪੰਜਾਬ ਵਿਚ ਕਰਵਾਏ ਗਏ ਇਕ ਤਾਜ਼ਾ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਪਿੰਡਾਂ ਦੇ ਲੋਕਾਂ ਸਿਰ ਕਰਜ਼ਾ ਬਹੁਤ ਤੇਜ਼ੀ ਨਾਲ ਵਧਿਆ ਹੈ। ਦਿਹਾਤੀ ਮੌਤ ਦਾ ਕਾਰਣ 5,700 ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਤੇ ਇਕੱਲਾ ਵਿਆਜ 1100 ਕਰੋੜ ਰੁਪਏ ਬਣਦਾ ਹੈ ਜੋ ਫਸਲ ਦੀ ਪੈਦਾਵਾਰ ਦੀ ਕੁਲ ਆਮਦਨ ਦਾ 11 ਪ੍ਰਤਿਸ਼ਤ ਬਣਦਾ ਹੈ। 70 ਪ੍ਰਤਿਸ਼ਤ ਕਿਸਾਨ ਕਰਜ਼ੇ ਵਿਚ ਫਸੇ ਹੋਏ ਹਨ। ਜਦੋਂ ਬਹੁਤ ਸਾਰੇ ਆਪਣੀਆਂ ਜਾਨਾਂ ਖ਼ਤਮ ਕਰ ਲੈਂਦੇ ਹਨ ਤਾਂ ਉਨ੍ਹਾਂ ਦਾ ਹੀ ਨੁਕਸਾਨ ਨਹੀਂ ਹੈ ਬਲਕਿ ਸਮਾਜ ਅਤੇ ਸਾਰੇ ਪੰਜਾਬ ਦਾ ਨੁਕਸਾਨ ਹੈ।

ਕਾਰੀਗਰ ਲੋਕ - ਜਿਵੇਂ ਇਲੈਕਟ੍ਰੀਸ਼ਨ, ਰਾਜ ਮਿਸਤਰੀ, ਤਰਖਾਣ, ਵੈਲਡਰ ਆਦਿ - ਤੇਲ ਦੇ ਭੰਡਾਰ ਵਾਲੇ ਗਲਫ ਮੁਲਕਾਂ ਵਿਚ ਚਲੇ ਗਏ। ਇਨ੍ਹਾਂ ਸਾਲਾਂ ਦੌਰਾਨ ਵੱਖ-ਵੱਖ ਸਮਿਆਂ ਤੇ ਕੋਈ 10 ਲੱਖ ਸਿਖਿਅਤ ਕਾਮਿਆਂ ਨੇ ਗਲਫ ਦੇਸ਼ਾਂ ਵਿਚ ਰੁਜ਼ਗਾਰ ਲੱਭ ਲਿਆ ਅਤੇ 1978-79 ਵਿਚ ਪੰਜਾਬ ਦੀਆਂ ਬੈਂਕਾਂ ਰਾਹੀਂ ਸਾਲਾਨਾ 30 ਕਰੋੜ ਤੋਂ ਵੱਧ ਪੈਸਾ ਆਇਆ। (ਵੀ.ਐਸ. ਮਹਾਜਨ, "ਪੰਜਾਬ ਦੀਆਂ ਬੈਂਕਾਂ ਰਾਹੀਂ ਆਇਆ ਪੈਸਾ", ਅੰਕ 1983)। ਪਰੰਤੂ ਹਰ ਇਕ ਆਦਮੀ ਨੂੰ ਅਸਾਨੀ ਨਾਲ ਵਿਕਰੀ ਕਰਨ ਦੀ ਮਹਾਰਤ ਨਹੀਂ ਸੀ ਜਾਂ ਉਸ ਕੋਲ ਇਨ੍ਹਾਂ ਮੁਲਕਾਂ ਵਿਚ ਰੁਜ਼ਗਾਰ ਲੈਣ ਜਾਣ ਲਈ ਸਾਧਨ ਨਹੀਂ ਸਨ।

ਜਦੋਂ ਇਹ ਪੰਜਾਬੀ ਵਰਕਰ ਆਪਣੇ ਘਰਾਂ ਨੂੰ ਦਿਨਾਰ ਭੇਜਦੇ ਸਨ ਤਾਂ ਇਸ ਬਹੁਤ ਜ਼ਿਆਦਾ ਵਿਦੇਸ਼ੀ ਮੁਦਰਾ ਨਾਲ ਵਿਸ਼ੇਸ਼ ਕਰਕੇ ਪੰਜਾਬ ਦੇ ਉੱਦਮੀਆਂ ਨੂੰ ਲਾਭ ਨਹੀਂ ਹੋਇਆ। ਇਹ ਤੈਅ ਕਰਨਾ ਰਿਜ਼ਰਵ ਬੈਂਕ ਦੇ ਹੱਥਾਂ ਵਿਚ ਸੀ ਕਿ ਇਹ ਪੈਸਾ ਜਮ੍ਹਾਂ ਕਰਾਉਣ ਨਾਲ ਇਸ ਹਾਰਡ ਕਰੰਸੀ ਨਾਲ ਖਰੀਦ ਸ਼ਕਤੀ ਦਾ ਫਾਇਦਾ ਕੌਣ ਲਵੇਗਾ। ਲਾਭਪਾਤਰਾਂ ਦੀ ਬਹੁਤ ਵੱਡੀ ਗਿਣਤੀ ਹੋਰ ਰਾਜ ਦੇ ਸਨਅੱਤਕਾਰ ਸਨ ਨਾ ਕਿ ਪੰਜਾਬ ਦੇ।

ਪੰਜਾਬ ਦੀਆਂ ਵਪਾਰਕ ਬੈਂਕਾਂ ਦੁਆਰਾ ਜੁਟਾਏ ਜਾਂਦੇ ਸਾਧਨਾਂ ਦੀ ਵਰਤੋਂ ਰਾਜ ਵਿਚ ਨਹੀਂ ਕੀਤੀ ਜਾਂਦੀ। ਬਾਹਰ ਗਏ ਕੋਈ 1 ਲੱਖ ਸਿੱਖਾਂ ਦੁਆਰਾ ਪੰਜਾਬ ਦੀਆਂ ਬੈਂਕਾਂ ਵਿਚ ਜਮ੍ਹਾਂ ਕਰਵਾਇਆ ਪੈਸਾ ਬਹੁਤ ਜ਼ਿਆਦਾ ਹੈ ਪਰੰਤੂ ਇਹ 70 ਪ੍ਰਤਿਸ਼ਤ ਪੈਸਾ ਹੋਰਨਾਂ ਰਾਜਾਂ ਵਿਚਲੀਆਂ ਬੈਂਕਾਂ ਨੂੰ ਭੇਜਿਆ ਜਾਂਦਾ ਹੈ ਜਿਹੜੀਆਂ ਵਪਾਰੀਆਂ ਨੂੰ ਉਧਾਰ ਦਿੰਦੀਆਂ ਹਨ।

ਗਰੀਬ ਅਮੀਰ ਵਿਚਕਾਰ ਵੱਧ ਰਹੇ ਫਰਕ ਅਤੇ ਇਸ ਤਰ੍ਹਾਂ ਪੈਦਾ ਹੋ ਰਹੀ ਬੇਚੈਨੀ ਤੋਂ ਇਲਾਵਾ ਪੰਜਾਬ ਦੀ ਖੁਸ਼ਹਾਲੀ ਤੇ ਬੁਰਾ ਪ੍ਰਭਾਵ ਪਿਆ ਹੈ, ਇਸ ਦਾ ਪ੍ਰਭਾਵ ਲਗਭਗ ਹਰੇਕ ਪਰਿਵਾਰ ਤੇ ਪਿਆ ਹੈ : ਅਲਕੋਹਲ ਅਤੇ ਨਸ਼ੀਲੀਆਂ ਵਸਤਾਂ ਦੀ ਵਰਤੋਂ ਵਿਚ ਵਾਧਾ ਹੋਇਆ ਹੈ।

ਰਾਜ ਦਾ 75 ਪ੍ਰਤਿਸ਼ਤ ਮਾਲੀਆ ਆਬਕਾਰੀ ਤੋਂ ਆਉਂਦਾ ਸੀ। ਸੱਚ-ਮੁੱਚ ਇਹੋ ਹੀ ਅਸਲ ਵਿਚ ਟੈਕਸ ਸੀ ਜਿਸ ਨੂੰ ਰਾਜ ਨੂੰ ਉਗਰਾਹੁਣ ਦੀ ਸ਼ਕਤੀ ਪ੍ਰਾਪਤ ਸੀ। ਇਹ ਦੇਖਦਿਆਂ ਕਿ ਪੈਸਾ ਇਕੱਠਾ ਕਰਨ ਦਾ ਇਹੋ ਇਕ ਆਸਾਨ ਤਰੀਕਾ ਹੈ, ਤਾਂ ਰਾਜ ਵਿਚ ਸਰਕਾਰ ਨੇ ਪਿੰਡ ਪਿੰਡ ਵਿਚ ਸ਼ਰਾਬ ਦੀਆਂ ਦੁਕਾਨਾਂ ਖੋਲ੍ਹ ਦਿੱਤੀਆਂ ਅਤੇ ਨਤੀਜਾ ਇਹ ਹੋਇਆ ਕਿ ਪਿਆਕੜਾਂ ਨੂੰ ਆਪਣਾ ਨਸ਼ਾ ਪੂਰਾ ਕਰਨ ਲਈ ਮੌਜਾਂ ਲਗ ਗਈਆਂ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਤਸਵੀਰ ਨੂੰ ਅਕਸਰ ਇਸ ਤਰ੍ਹਾਂ ਦਿਖਾਇਆ ਜਾਂਦਾ ਸੀ ਜਿਵੇਂ ਉਹ ਹਿੰਦੂਆਂ ਨਾਲ ਨਫਰਤ ਕਰਦੇ ਹਨ ਲੇਕਿਨ ਦਰਅਸਲ, ਜੇਕਰ ਸੰਤ ਨੂੰ ਕਿਸੇ ਚੀਜ਼ ਨਾਲ ਨਫਰਤ ਨਾਲ ਕਾਬੂ ਕਰ ਲਿਆ ਸੀ, ਤਾਂ ਇਹ ਨਸ਼ੀਲੇ ਪਦਾਰਥ ਸੀ। ਉਹ ਤਾਂ ਜ਼ੋਰ-ਜ਼ੋਰ ਨਾਲ ਕਹਿੰਦੇ ਸਨ ਕਿ - "ਨਸ਼ੇ ਛੱਡੋ, ਅੰਮ੍ਰਿਤ ਛਕੋ, ਸਿੰਘ ਸਜੋ" - "ਨਸ਼ੇ ਛੱਡੋ, ਅੰਮ੍ਰਿਤ ਛਕੋ, ਸਿੰਘ ਸਜੋ"। ਜਦੋਂ ਅੱਤਵਾਦੀਆਂ ਨੇ ਪਿੰਡਾਂ ਵਿਚ ਸ਼ਰਾਬ ਦੀਆਂ ਦੁਕਾਨਾਂ ਬੰਦ ਕਰਨ ਲਈ ਮਜਬੂਰ ਕੀਤਾ ਤਾਂ ਉਨ੍ਹਾਂ ਨੂੰ ਇਸ ਦਾ ਬਹੁਤ ਜ਼ਿਆਦਾ ਸਮਰਥਨ ਮਿਲਿਆ।

ਇਹ ਮਸ਼ਹੂਰ ਹੈ ਕਿ ਅੰਗ੍ਰੇਜ਼ ਬਸਤੀਵਾਦ ਸਰਕਾਰਾਂ ਨੇ ਅਫੀਮ ਦਾ ਧੰਦਾ ਸ਼ੁਰੂ ਕੀਤਾ ਅਤੇ ਇਸ ਨੂੰ ਖਾਣ ਲਈ ਲੋਕਾਂ ਨੂੰ ਉਤਸ਼ਾਹਤ ਕੀਤਾ। ਚੀਨ ਵਿਚ ਅੰਗ੍ਰੇਜ਼ੀ ਦੀ ਨਸ਼ੀਲੀ ਦਵਾਈ ਦੀ ਵਿਰੋਧਤਾ ਤੋਂ ਅਫੀਮ ਯੁੱਧ ਹੋਇਆ। ਕੀ ਭਾਰਤ ਸਰਕਾਰ ਨੇ ਕੇਂਦਰ ਸਰਕਾਰ ਦੇ ਹਾਵੀ ਹੋਣ ਲਈ ਆਪਣੀ ਹੋਣ ਵਾਲੀ ਵਿਰੋਧਤਾ ਨੂੰ ਕਮਜ਼ੋਰ ਕਰਨ ਲਈ ਇਸ ਪੁਰਾਣੀ ਤਰਕੀਬ ਨੂੰ ਅਪਣਾਇਆ ਹੈ ? ਸ਼ਰਾਬ ਦੀ ਵਰਤੋਂ ਨੂੰ ਬੜ੍ਹਾਵਾ ਦੇਣ ਤੋਂ ਇਲਾਵਾ ਇਸ ਚੀਜ਼ ਦਾ ਹਮੇਸ਼ਾਂ ਸਬੂਤ ਮਿਲਦਾ ਸੀ ਕਿ ਸੁਰੱਖਿਆ ਬਲ ਰਾਜਨੀਤਕ ਤੌਰ ਤੇ ਨਾਜ਼ੁਕ ਇਲਾਕਿਆਂ ਵਿਚ ਨਸ਼ੀਲੀਆਂ ਦਵਾਈਆਂ ਲਿਆਉਣ ਵਿਚ ਸ਼ਾਮਲ ਸਨ।

ਸਤੰਬਰ 8, 1995 ਨੂੰ **ਸਟੇਟਸਮੈਨ** ਨੇ ਰਿਪੋਰਟ ਦਿੱਤੀ ਕਿ ਬੀਕਾਨੇਰ ਪੁਲਿਸ ਗਾਂਜੇ ਅਤੇ ਹਿਰੋਇਨ (ਸਮੈਕ) ਦੀ ਤਸਕਰੀ ਕਰਦੇ ਹਨ। ਅਗਸਤ 13, 1995 ਦੇ **ਹਿੰਦੋਸਤਾਨ ਟਾਈਮਜ਼** ਨੇ ਖਬਰ ਦਿੱਤੀ ਕਿ ਸੀ ਆਰ ਪੀ ਐਫ ਦੇ ਬਹੁਤ ਸਾਰੇ ਹਥਿਆਰਬੰਦ ਜਵਾਨਾਂ ਦੀ ਨਿਗਰਾਨੀ ਹੇਠ ਲਿਜਾਏ ਜਾ ਰਹੇ ਸੀ ਆਰ ਪੀ ਐਫ ਦੇ ਦੋ ਟਰੱਕ ਆਬਕਾਰੀ ਕਰਮਚਾਰੀਆਂ ਨੇ ਪਟਨਾ ਨੇੜਿਓਂ ਦੀਦਾਰਗੰਜ ਨਾਕੇ ਤੋਂ ਪਕੜੇ। ਇਹ ਟਰੱਕ 32 ਕਿਲੋ ਗਾਂਜਾ ਲਈ ਜਾ ਰਹੇ ਸਨ ਅਤੇ ਕਿਹਾ ਗਿਆ ਸੀ ਕਿ ਇਹ ਗੜਬੜੀ ਵਾਲੇ ਰਾਜ ਮਨੀਪੁਰ

ਨੂੰ ਜਾ ਰਹੇ ਸਨ। ਇਸੇ ਸਾਲ ਜੁਲਾਈ ਵਿਚ ਉਸੇ ਨਾਕੇ ਤੇ ਮਨੀਪੁਰ ਰਾਈਫਲਜ਼ ਦੇ ਵਰਦੀਧਾਰੀ ਨੌਂ ਰਿਟਾਇਰਡ ਜਵਾਨਾਂ ਦੀ ਨਿਗਰਾਨੀ ਹੇਠ ਫੌਜ ਦੇ ਇਕ ਟਰੱਕ ਵਿੱਚੋਂ 40 ਲੱਖ ਰੁਪਏ ਦੇ ਮੁੱਲ ਦਾ ਗਾਂਜਾ ਬਰਾਮਦ ਕੀਤਾ ਗਿਆ ਸੀ।

1997 ਦੇ ਸ਼ੁਰੂ ਵਿਚ ਸੀਮਾ ਸੁਰੱਖਿਆ ਬਲ ਦੇ ਇਕ ਕਮਾਂਡੈਂਟ ਹਰੀ ਸਿੰਘ ਅਤੇ ਉਸ ਦੇ ਤਿੰਨ ਮਤਾਹਿਤਾਂ ਨੂੰ ਕੋਰਟ ਮਾਰਸ਼ਲ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਮਮਦੋਟ ਵਿਖੇ ਅੰਤਰ-ਰਾਸ਼ਟਰੀ ਸਰਹੱਦ ਤੋਂ ਪਾਰ ਪਾਕਿਸਤਾਨ ਵਿਚ ਅਫੀਮ ਨੂੰ ਹਿਰੋਇਨ ਵਿਚ ਬਦਲਣ ਲਈ ਵਰਤੇ ਜਾਂਦੇ ਇਕ ਰਸਾਇਣਿਕ ਪਦਾਰਥ ਦੀ ਸਮਗਲਿੰਗ ਕਰਨ ਦਾ ਦੋਸ਼ੀ ਪਾਇਆ ਗਿਆ ਸੀ। 1997 ਦੇ ਸ਼ੁਰੂ ਵਿਚ ਹੀ ਬੀ.ਐਸ.ਐਫ. ਦੇ ਇਕ ਜਾਇੰਟ ਡਾਇਰੈਕਟਰ (ਇੰਟੈਲੀਜੈਂਸੀ) ਨੂੰ ਅੰਮ੍ਰਿਤਸਰ ਵਿਖੇ ਗਿਰਫਤਾਰ ਕੀਤਾ ਗਿਆ ਸੀ ਅਤੇ ਉਸ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਮਦਦ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਨੀਮ ਫੌਜੀ ਬਲਾਂ ਵਿਚ ਵਿਅਕਤੀਗਤ "ਮਾੜਾ ਅਨਸਰ" ਹੀ ਤਸਕਰੀ ਵਿਚ ਸ਼ਾਮਲ ਸੀ; ਤਸਕਰੀ ਸੱਚਮੁਚ ਬਹੁਤ ਜ਼ਿਆਦਾ ਹੁੰਦੀ ਜੇਕਰ ਉਪਰਲੇ ਪੱਧਰ ਦੇ ਅਧਿਕਾਰੀ ਇਸ ਵਿਚ ਸ਼ਾਮਲ ਹੁੰਦੇ।

ਕੀ ਨਸ਼ੀਲੇ-ਪਦਾਰਥਾਂ ਦੀ ਸਮਗਲਿੰਗ ਰਾਜ ਲਈ ਪੈਸਾ ਇਕੱਠਾ ਕਰਨ ਦਾ ਸਾਧਨ ਬਣ ਗਈ ? ਪੰਜਾਬ ਦੇ ਰਾਜਪਾਲ ਲੈਫਟੀਨੈਂਟ ਜਨਰਲ ਬੀ.ਕੇ.ਐਨ. ਛਿੱਬਰ ਦੀ ਮੁਸਕਰਾਉਂਦੀ ਹੋਈ ਫੋਟੋ ਮਾਰਚ, 1997 ਵਿਚ **ਇੰਡੀਅਨ ਐਕਸਪ੍ਰੈਸ** ਦੇ ਪਹਿਲੇ ਪੰਨੇ ਤੇ ਛਪੀ। ਰਾਜਪਾਲ ਨਾਲ ਵਪਾਰਕ ਮੁਸਕਰਾਹਟ ਮੋਗੇ ਦੇ ਵਸਨੀਕ ਕਰਮਜੀਤ ਸਿੰਘ ਮਨਚੰਦਾ ਦੀ ਸੀ ਜਿਹੜਾ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਮੇਤ 14 ਫੌਜਦਾਰੀ ਕੇਸਾਂ ਵਿਚ ਦੋਸ਼ੀ ਸੀ। ਇਕ ਮੁਸਕਰਾ ਰਿਹਾ ਪੁਲਿਸ ਦਾ ਡੀ.ਆਈ.ਜੀ. ਬਕਸ਼ੀ ਰਾਮ ਵੀ ਰਾਜਪਾਲ ਅਤੇ ਸਮਗਲਰ ਨਾਲ ਸੋਫੇ ਤੇ ਬੈਠਾ ਸੀ। ਮਨਚੰਦਾ ਨੇ **ਐਕਸਪ੍ਰੈਸ** ਨੂੰ ਦੱਸਿਆ : "ਜੇਕਰ ਰਾਜਪਾਲ ਪੁਲਿਸ ਦੇ ਕੇਸਾਂ ਤੋਂ ਨਾ ਬਚਾਉਂਦੇ ਤਾਂ ਮੇਰੇ ਲਈ ਬਚਣਾ ਮੁਸ਼ਕਲ ਹੋ ਜਾਂਦਾ।" ਇਕ ਹੋਰ ਫੋਟੋ ਵਿਚ ਰਾਜਪਾਲ ਮਨਚੰਦੇ ਅਤੇ ਪਿਆਰਾ ਸਿੰਘ, ਜੋ ਇਸ ਸਮੇਂ ਅੱਤਵਾਦੀਆਂ ਨਾਲ ਕਥਿਤ ਸਬੰਧ ਹੋਣ ਵਜੋਂ ਜੇਲ੍ਹ ਵਿਚ ਹੈ, ਵਿਚਕਾਰ ਬੈਠਾ ਹੈ।

ਇਸ ਗੱਲ ਤੋਂ ਸਾਰੇ ਚੰਗੀ ਤਰ੍ਹਾਂ ਜਾਣੂੰ ਹਨ ਕਿ ਨਸ਼ੀਲੀਆਂ ਦਵਾਈਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਨੂੰ ਵਿਜੀਲੈਂਟ ਕਾਰਵਾਈਆਂ ਲਈ ਵਰਤਿਆ ਜਾਂਦਾ ਸੀ, ਪਰ, ਜੋ ਗੱਲ ਸ਼ਾਇਦ ਇੰਨੀ ਚੰਗੀ ਤਰ੍ਹਾਂ ਪਤਾ ਨਹੀਂ ਹੈ, ਉਹ ਇਹ ਹੈ, ਕਿ ਇਸ ਰਕਮ ਨੂੰ ਅੱਡ ਹੋਏ ਸਿੱਖ ਜਮਾਤਾਂ ਅਤੇ ਰਾਜ ਨਾਲ ਦੋਸਤਾਨਾ ਤੁਆਲੁਕਾਤ ਰੱਖਣ ਵਾਲੇ ਸਿੱਖ ਸੰਤਾਂ ਨੂੰ ਮਜ਼ਬੂਤ ਕਰਨ ਲਈ ਵੀ

ਵਰਤਿਆ ਜਾ ਰਿਹਾ ਸੀ ਤਾਂ ਜੋ ਸਿੱਖ ਪਹਿਚਾਣ ਅਤੇ ਸਿੱਖ ਰਾਜਨੀਤਿਕ ਏਜੰਡੇ ਨੂੰ ਠੇਸ ਪਹੁੰਚਾਈ ਜਾ ਸਕੇ। ਇਨ੍ਹਾਂ ਹਿਮਾਇਤ ਵਾਲੇ ਗਰੁੱਪਾਂ ਦੀਆਂ ਵੱਡੇ ਵੱਡੇ ਸੰਮੇਲਨਾਂ ਤੋਂ ਅਣਜਾਣੇ ਢੰਗਾਂ ਰਾਹੀਂ ਪੈਸੇ ਦੇ ਚੋਖੇ ਵੱਡੇ ਪੈਮਾਨੇ ਤੇ ਪ੍ਰਵਾਹ ਦੇ ਠੋਸ ਸਬੂਤ ਮਿਲਦੇ ਸਨ।

ਜੁਲਾਈ 21, 1997 ਨੂੰ ਇਕ ਖਬਰ ਆਈ ("ਪੰਜਾਬ ਵਿਚ ਪੁਲਿਸ ਦਾ ਵਧੀਆ ਇੰਤਜ਼ਾਮ ਕੀਤਾ ਗਿਆ ਹੈ"।) ਜਿਸਨੇ ਇਕ ਦਿਲਚਸਪ ਚੀਜ਼ ਸਾਹਮਣੇ ਲਿਆਂਦੀ। ਰਿਪੋਰਟ ਵਿਚ ਕਿਹਾ ਗਿਆ ਕਿ : "ਇਕ ਹੋਰ ਕਾਰਣ, ਜਿਸ ਨੇ ਪੁਲਿਸ ਦਾ ਧਿਆਨ ਖਿੱਚਿਆ ਉਹ ਐਡੀਸ਼ਨਲ ਡਾਇਰੈਕਟਰ ਜਨਰਲ, ਪੁਲਿਸ (ਕਰਾਈਮ) ਦੁਆਰਾ ਜ਼ਿਲ੍ਹਿਆਂ ਤੋਂ ਸੂਚਨਾ ਪ੍ਰਾਪਤ ਕਰਨ ਨਾਲ ਸਬੰਧਤ ਸੀ। ਪਿਛਲੇ ਤਿੰਨ ਮਹੀਨਿਆਂ ਦੌਰਾਨ ਦੱਸਿਆ ਗਿਆ ਕਿ ਉਹ ਦੋ ਮਾਮਲਿਆਂ ਤੇ ਵਿਸਥਾਰਪੂਰਵਕ ਰਿਪੋਰਟਾਂ ਲਈ ਪੁੱਛਦਾ ਰਿਹਾ - 'ਇਕ ਸਰਟੀਫਿਕੇਟ' ਕਿ ਨਸ਼ੀਲੀਆਂ ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਆਦਿ ਸਬੰਧੀ ਕੇਸ ਪ੍ਰਾਪਰਟੀ ਦਾ ਨਿਪਟਾਰਾ ਕਿਵੇਂ ਕੀਤਾ ਗਿਆ; ਅਤੇ ਦੂਜੇ, ਕਿ ਕੀ ਹਰ ਇਕ ਥਾਣੇ ਦੇ ਮਾਲਖਾਨੇ ਵਿਚ ਪਿਆ 'ਸਮਾਨ' (ਕੇਸ ਪ੍ਰਾਪਰਟੀ) ਏ ਕੇ-47, ਥਾਣਿਆਂ ਵਿਚ ਜਮ੍ਹਾਂ ਕਰਵਾਏ ਗਏ ਪ੍ਰਾਈਵੇਟ ਨਾਗਰਿਕਾਂ ਦੇ ਹਥਿਆਰ, ਗੋਲੀ-ਸਿੱਕਾ, ਧਮਾਕੇ ਵਾਲੀਆਂ ਵਸਤਾਂ ਅਤੇ ਨਕਦੀ ਆਦਿ ਇਸ ਸਬੰਧੀ ਰੱਖੇ ਗਏ ਰਿਕਾਰਡਾਂ ਨਾਲ ਮੇਲ ਖਾਂਦਾ ਹੈ।

"ਸੂਚਨਾ ਪਹਿਲੀ ਜਨਵਰੀ, 1985 ਤੋਂ ਦਸੰਬਰ, 1996 ਤਕ ਦੇ ਸਮੇਂ ਲਈ ਮੰਗੀ ਗਈ ਸੀ। ਇਹ ਖਤਰੇ ਦਾ ਘੁੱਗੂ ਸੀ। ਯਾਦ-ਪੱਤਰਾਂ ਦੇ ਬਾਵਜੂਦ ਵੀ (ਇਹ ਸੂਚਨਾ ਡਾਇਰੈਕਟਰ ਜਨਰਲ ਆਫ ਪੁਲਿਸ ਪਾਸ ਹੈ) ਕਿਸੇ ਜ਼ਿਲ੍ਹੇ ਨੇ ਕੋਈ ਸੂਚਨਾ ਨਹੀਂ ਭੇਜੀ ਚਾਹੇ ਨਸ਼ੀਲੀਆਂ ਦਵਾਈਆਂ ਅਤੇ ਪਦਾਰਥਾਂ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਨਾਲ ਸੂਚਨਾ ਮੰਗੀ ਗਈ ਸੀ, ਜਿਹੜੀ ਇਨ੍ਹਾਂ ਦੇ ਨਿਪਟਾਰੇ ਦਾ ਸਰਟੀਫਿਕੇਟ ਪ੍ਰਾਪਤ ਕਰਨਾ ਚਾਹੁੰਦੀ ਸੀ। ਇਸ ਨੇ ਇਹ ਸੂਚਨਾ ਇਸ ਪੱਖੋਂ ਮੰਗੀ ਸੀ ਕਿ ਕਿਸੇ ਇਕ ਵਿਅਕਤੀ (ਵਿਅਕਤੀਆਂ) ਤੋਂ ਜ਼ਬਤ ਕੀਤੀ ਕੇਸ ਪ੍ਰਾਪਰਟੀ ਨੂੰ ਕਈ ਹੋਰਨਾਂ ਨੂੰ ਫਸਾਉਣ ਲਈ ਵਾਰ-ਵਾਰ ਵਰਤਿਆ / ਦਿਖਾਇਆ ਜਾਂਦਾ ਹੈ।

ਕੁਝ ਸੀਨੀਅਰ ਪੁਲਿਸ ਕਪਤਾਨਾਂ ਨੇ ਮਾਲਖਾਨਿਆਂ ਵਿਚ ਸਮਾਨ (ਕੇਸ ਪ੍ਰਾਪਰਟੀ) ਦੇ ਸਬੰਧ ਵਿਚ ਉੱਤਰ ਦਿੱਤਾ ਹੈ ਕਿ ਉਦੋਂ ਹੜ੍ਹ ਆਏ ਸਨ ਅਤੇ ਇਹ ਕਿ ਚੋਰੀਆਂ ਵੀ ਹੋਈਆਂ ਸਨ। ਇਸ ਸਬੰਧ ਵਿਚ, ਦੱਸਿਆ ਜਾਂਦਾ ਹੈ ਕਿ ਪੁਲਿਸ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਨੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਅੱਖਾਂ 'ਚ ਘੱਟਾ ਪਾਉਣ ਲਈ 'ਧੋਖਾ' ਦੇਣ ਵਾਲੇ ਸਾਧਨਾਂ ਦੀ ਵਰਤੋਂ ਨਾ ਕਰਨ ਲਈ। ਪੁਲਿਸ ਦਾ ਡਾਇਰੈਕਟਰ ਜਨਰਲ ਖਾਮੋਸ਼ ਹੈ। ਕੀ ਇਹ ਉਸ ਦੀ ਐਸ ਐਸ ਪੀਜ਼ ਨੂੰ ਗੁਪਤ ਮਦਦ ਨਹੀਂ ਹੈ ?

ਪੰਜਾਬ ਦੇ ਰਾਜਪਾਲ ਸੁਰਿੰਦਰਨਾਥ ਦੇ ਬਹੁਤ ਸਾਰੇ ਧਨ - ਜੋ ਹਵਾਈ ਹਾਦਸੇ ਵਿਚ ਉਸ ਦੀ ਮੌਤ ਤੋਂ ਬਾਅਦ ਲੱਭਾ - ਦੀਆਂ ਅਫ਼ਵਾਹਾਂ ਦਾ ਜ਼ਿਕਰ ਅੱਗੇ ਜਾ ਕੇ ਕੀਤਾ ਗਿਆ ਹੈ। ਇਹ ਪੈਸਾ ਕਿਥੋਂ ਆਇਆ ? ਇਹ ਕਿਸ ਦੇ ਲਈ ਸੀ ? ਇਹ ਕਿੱਥੇ ਗਿਆ ?

ਇਨ੍ਹਾਂ ਸਾਲਾਂ ਦੌਰਾਨ, ਨਾ ਤਾਂ ਕਾਂਗਰਸ ਨੇ ਨਾ ਹੀ ਅਕਾਲੀਆਂ ਨੇ ਇਨ੍ਹਾਂ ਸਮੱਸਿਆਵਾਂ ਦਾ ਹਲ ਕੀਤਾ। "ਇਕ ਬਹੁਤ ਸਾਧਾਰਨ ਆਦਮੀ" ਦੀਆਂ ਨਜ਼ਰਾਂ ਵਿਚ ਇਨ੍ਹਾਂ ਪਾਰਟੀਆਂ ਦੀ ਬਣਤਰ ਨੇ ਇਨ੍ਹਾਂ ਨੂੰ ਸਮੱਸਿਆ ਦਾ ਅੰਗ ਬਣਾ ਦਿੱਤਾ ਨਾ ਕਿ ਇਸ ਦੇ ਹੱਲ ਦਾ। ਰਾਜ ਨੇ 70ਵਿਆਂ ਦੇ ਸ਼ੁਰੂ ਵਿਚ ਪੰਜਾਬ ਵਿਚ ਨਕਸਲਵਾਦੀਆਂ ਦੀ ਛੋਟੀ ਜਿਹੀ ਲਹਿਰ ਨਾਲ ਨਜਿੱਠਿਆ ਸੀ ਅਤੇ ਆਖਰ ਵਾਮ-ਪੰਥੀ ਵਿਚਾਰਧਾਰਾ ਨੇ ਆਮ ਵਿਅੱਕਤੀ ਦੀ ਮਾਨਸਿਕ ਜੀਵਨ ਦੇ ਤੱਤਾਂ *(ਸਾਇਕੀ)* ਨੂੰ ਮਿੱਧ ਦਿੱਤਾ ਜਿਸਨੂੰ ਉਹ ਬਹੁਤ ਬਹੁਮੁੱਲਾ ਸਮਝਦਾ ਸੀ - ਵਿਸ਼ੇਸ਼ ਕਰਕੇ ਉਸਦੇ ਸਿੱਖੀ ਵਿਚ ਵਿਸ਼ਵਾਸ ਅਤੇ ਪਰਿਵਾਰਕ ਰਵਾਇਤਾਂ ਅਤੇ ਪੇਂਡੂ ਵਾਤਾਵਰਣ ਵਿਚ ਰਹਿਣ ਕਰਕੇ। ਜਦੋਂ ਇਕ ਕ੍ਰਾਂਤੀਕਾਰੀ ਨਾਇਕ ਵਜੋਂ ਸਿੱਖ ਦੀ ਪਹਿਚਾਣ ਕਰਨੀ ਹੋਵੇ ਤਾਂ ਸਿੱਖ ਨੂੰ ਮਾਓ-ਜ਼ੇ-ਤੁੰਗ ਜਾਂ ਚਿ ਗਿਊਵੇਰਾ ਦੀ ਜ਼ਰੂਰਤ ਨਹੀਂ। ਉਸ ਪਾਸ ਗੁਰੂ ਗੋਬਿੰਦ ਸਿੰਘ ਦੇ ਰੂਪ ਵਿਚ ਆਪਣੀ ਧਰਤੀ ਤੋਂ ਹੀ ਇਕ ਛੈਲ-ਛਬੀਲੇ ਨਾਇਕ ਦੀ ਛਵੀ ਮੌਜੂਦ ਸੀ।

ਨਾ ਕੇਵਲ ਵਾਮ-ਪੰਥੀ ਵਿਚਾਰਧਾਰਾਵਾਂ ਨੇ ਹੀ ਬਲਕਿ ਕਾਂਗਰਸ ਅਤੇ ਜਨਤਾ ਦਲ ਦੀਆਂ ਵਿਚਾਰਧਾਰਾਵਾਂ ਨੇ ਵੀ ਸ਼੍ਰੇਣੀ ਨਾ-ਬਰਾਬਰੀ ਨੂੰ ਦੂਰ ਕਰਨ ਲਈ ਆਪਣੇ ਆਪ ਨੂੰ ਮੁਖਾਤਬ ਕੀਤਾ - ਸ਼ਾਇਦ ਇਸ ਤੱਥ ਤੋਂ ਧਿਆਨ ਹਟਾਉਣ ਲਈ ਕਿ ਇਨ੍ਹਾਂ ਹਰੇਕ ਗੁੱਟਾਂ ਦੀ ਲੀਡਰਸ਼ਿੱਪ ਵਿਚ ਉੱਚ ਜਾਤੀ ਦੇ ਹਿੰਦੂ ਬਹੁਤ ਜ਼ਿਆਦਾ ਹਨ। ਪਰੰਤੂ ਸ਼੍ਰੇਣੀ ਕੋਈ ਅਜਿਹੀ ਧਾਰਣਾ ਨਹੀਂ ਹੈ ਜੋ ਕਿ ਆਮ ਭਾਰਤੀ ਦੀ ਨੱਸ-ਨੱਸ ਵਿਚ ਵੱਸ ਜਾਂਦੀ ਹੋਵੇ। ਜ਼ਾਤ-ਪਾਤ ਇਸਤੋਂ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਹੋਂਦ ਰੱਖਦੀ ਹੈ। ਸਿੱਖ ਧਰਮ ਦੁਆਰਾ ਜ਼ਾਤ-ਪਾਤ ਨੂੰ ਰੱਦ ਕਰਨਾ ਭਾਰਤੀ ਸੰਸਕ੍ਰਿਤੀ ਦੇ ਸੰਦਰਭ ਵਿਚ ਇਕ ਬਹੁਤ ਵੱਡਾ "ਕ੍ਰਾਂਤੀਕਾਰੀ" ਕਦਮ ਸੀ। ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ, ਇਕ ਅਜਿਹੇ ਨਵੇਂ ਸਮਾਜ ਦੀ ਸਿਰਜਣਾ ਵਲ ਜ਼ੋਰ ਸੀ ਜਿਸ ਵਿਚ ਜ਼ਾਤ-ਪਾਤ ਦੀ ਦਰਜੇਬੰਦੀ ਦੀ ਥਾਂ ਨਿਰੰਜਨੀ ਜੋਤ ਵਿਚ ਵਿਸ਼ਵਾਸ ਰੱਖਣ ਵਾਲੇ ਭਾਈਚਾਰੇ ਨੇ ਲਈ। ਸਿੱਖ ਧਰਮ ਦੇ ਰਹੱਸਵਾਦੀ ਤੱਤ ਨੂੰ ਇਕ ਨੈਤਿਕ ਤੱਤ ਸੰਤੁਲਿਤ ਕਰਦਾ ਹੈ ਜੋ ਕਿ ਦੁਨਿਆਵੀ ਅਤੇ ਵਿਵਹਾਰਕ ਹੈ।

ਹੁਣ ਜਦ ਕਿ ਇਕ ਸਾਧਾਰਨ ਸਿੱਖ ਜਿਹੜਾ ਅਕਾਲੀਆਂ ਦਾ ਅਲੋਚਕ ਸੀ, ਉਹ ਇਹ ਮੰਨਦਾ ਸੀ ਕਿ ਸਿੱਖਾਂ ਦੇ ਹਿੱਤਾਂ ਦੀ ਪ੍ਰਤਿਨਿਧਤਾ ਕਰਨ ਲਈ ਉਹੀ ਇਕੋ ਇਕ ਵਿਕਲਪ ਸਨ।

ਇਸ ਗੱਲ ਦਾ ਗਿਆਨ ਹੁੰਦਿਆਂ, ਪੰਜਾਬ ਕਾਂਗਰਸ ਨੇ ਸਭ ਤੋਂ

ਪਹਿਲਾਂ ਅਕਾਲੀਆਂ ਨਾਲੋਂ ਵੱਧ ਕੇ "ਸਿੱਖੀ ਦਾ ਪ੍ਰਦਰਸ਼ਨ" ਕਰਨ ਦੀ ਕੋਸ਼ਿਸ਼ ਕੀਤੀ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸਮੇਂ ਪੰਜਾਬ ਵਿਚ 200 ਕਿਲੋਮੀਟਰ ਲੰਬੀ ਇਕ ਸੜਕ ਬਣਾਈ ਗਈ ਜਿਸ ਦਾ ਨਾਂ ਗੁਰੂ ਗੋਬਿੰਦ ਸਿੰਘ ਮਾਰਗ ਰੱਖਿਆ ਗਿਆ। ਰਾਜ ਸਰਕਾਰ ਨੇ ਕਿਤਿਓਂ ਦੋ ਘੋੜੇ ਲਿਆਂਦੇ ਅਤੇ ਇਨ੍ਹਾਂ ਨੂੰ ਇਸ ਨਵੀਂ ਸੜਕ ਤੇ ਇਕ ਸ਼ਾਨਦਾਰ ਜਲੂਸ ਦੀ ਸ਼ਕਲ ਵਿਚ ਅੱਗੇ ਲਾਇਆ ਗਿਆ।

ਐਪਰ, ਇਸ ਡਰਾਮੇ ਤੋਂ ਬਾਅਦ ਇਹ ਦੇਖਿਆ ਗਿਆ ਕਿ ਵੋਟਰ ਹੱਠੀ ਬਣ ਕੇ ਰੋਟੀ-ਰੋਜ਼ੀ ਨਾਲ ਜੁੜੇ ਰਹੇ। ਫਿਰ ਇਕ ਹੋਰ ਖੇਡ ਖੇਡੀ ਗਈ। ਇਹ ਨਵੀਂ ਪਹੁੰਚ ਇਹ ਸੀ ਕਿ ਸਰਕਾਰ ਨੇ ਧਾਰਮਿਕ ਮੱਤਾਂ ਅਤੇ ਸੰਤਾਂ ਨੂੰ ਵੱਸ ਵਿਚ ਕੀਤਾ ਜਿਨ੍ਹਾਂ ਨੇ ਸਿੱਖ ਸੰਗਤਾਂ ਨੂੰ "ਪੰਥ ਨੂੰ ਸੋਧਣ" ਲਈ ਪੁਰਜ਼ੋਰ ਅਪੀਲ ਕੀਤੀ। ਉਨ੍ਹਾਂ ਦੀਆਂ ਮੁਹਿੱਮਾਂ ਨੇ ਅਕਾਲੀਆਂ ਨੂੰ ਬਹੁਤ ਥੱਲੇ ਲਾਹਿਆ। ਅਕਾਲੀ ਸਿਆਸਤਦਾਨਾਂ ਨੇ ਤਾਕਤ ਅਤੇ ਭ੍ਰਿਸ਼ਟਾਚਾਰ ਦਾ ਸਵਾਦ ਲੈ ਲਿਆ ਸੀ ਅਤੇ ਉਨ੍ਹਾਂ ਵਿਚੋਂ ਕੁਝ ਇਕ ਹੀ ਗੁਰੂਆਂ ਦੀ ਸੇਵਾ ਅਤੇ ਸਾਦਗੀ ਦੇ ਸਿੱਧਾਂਤਾਂ ਪ੍ਰਤਿ ਆਪਣੀ ਇਮਾਨਦਾਰੀ ਦਾ ਦਾਅਵਾ ਕਰ ਸਕਦੇ ਸਨ।

1970ਵਿਆਂ ਦੇ ਆਖਰ ਵਿਚ ਨਿਰੰਕਾਰੀਆਂ ਦਾ ਇਕ ਧਾਰਮਿਕ ਮੱਤ ਕਾਂਗਰਸ ਦਾ ਹੱਥ ਠੋਕਾ ਬਣ ਗਿਆ। ਉਨ੍ਹਾਂ ਦੇ ਨੇਤਾ ਬਾਬਾ ਗੁਰਬਚਨ ਸਿੰਘ ਨੇ 13 ਅਪ੍ਰੈਲ, 1978 ਵੈਸਾਖੀ ਵਾਲੇ ਦਿਨ ਸਿੱਖਾਂ ਦੇ ਨਵੇਂ ਸਾਲ ਨੂੰ ਅੰਮ੍ਰਿਤਸਰ ਵਿਚ ਇਕ ਵਿਸ਼ੇਸ਼ ਦੀਵਾਨ ਕੀਤਾ। ਇਸ ਨਾਲ ਕੱਟੜਪੰਥੀ ਸਿੱਖਾਂ ਨੂੰ ਗੁੱਸਾ ਦਿਵਾਇਆ ਗਿਆ ਅਤੇ ਇਸ ਤੋਂ ਉਨ੍ਹਾਂ ਦਾ ਭੜਕਣਾ ਯਕੀਨੀ ਹੋ ਗਿਆ। ਨਿਰੰਕਾਰੀ ਹਥਿਆਰਬੰਦ ਅਤੇ ਲੜਾਈ ਲਈ ਤਿਆਰ ਸਨ : ਉਨ੍ਹਾਂ ਨੇ 13 ਸਿੱਖ ਮਾਰ ਦਿੱਤੇ; ਦੋ ਨਿਰੰਕਾਰੀ ਅਤੇ ਦੋ ਰਾਹੀ ਵੀ ਇਸ ਲੜਾਈ ਵਿਚ ਮਾਰੇ ਗਏ ਸਨ।

ਆਪਣੀ ਪੁਸਤਕ 'ਸਿੱਖਾਂ ਦਾ ਇਤਿਹਾਸ' ਵਿਚ, ਸੰਗਤ ਸਿੰਘ ਨੇ ਇਕ ਹਿੰਦੀ ਰਸਾਲੇ **ਦਿਨਮਾਨ** (30 ਜਨਵਰੀ, 1988) ਵਿਚ ਛਪੀ ਇਕ ਮੁਲਾਕਾਤ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਜ਼ੈਲ ਸਿੰਘ ਨੇ ਮੰਨਿਆਂ : "ਕਿ ਮੈਂ ਦਲ ਖਾਲਸਾ ਸੰਗਠਤ ਕੀਤਾ ਹੈ। ਮੇਰਾ ਨਿਸ਼ਾਨਾ ਸਿੱਖ ਗੁਰਦੁਆਰਿਆਂ ਦੀ ਸਿਆਸਤ ਵਿਚ ਹਿੱਸਾ ਲੈਣਾ ਸੀ।" ਸੰਗਤ ਸਿੰਘ ਨੇ ਹੋਰ ਦੱਸਿਆ ਕਿ: "ਉਸ ਨੇ ਸਪੱਸ਼ਟ ਤੌਰ ਤੇ ਦੱਸਿਆ ਕਿ ਉਸ ਨੇ ਇਹ ਕੁੱਝ ਆਪਣੇ ਨੇਤਾ ਇੰਦਰਾ ਗਾਂਧੀ ਦੇ ਇਸ਼ਾਰੇ ਤੇ ਕੀਤਾ ਹੈ, ਜਿਸ ਤੇ ਉਸ ਨੂੰ ਅੰਧ-ਵਿਸ਼ਵਾਸ ਹੈ।"

ਸਿੱਖ ਮੱਤ ਦੀ ਮੂਲ ਧਾਰਾ ਕਾਂਗਰਸ ਦੀ ਧੋਖੇ ਵਾਲੀ ਹੌਂਸਲਾਅਫ਼ਜ਼ਾਈ ਤੋਂ ਬਿਨਾਂ ਸ਼ਾਇਦ ਕਿਸੇ ਤਰ੍ਹਾਂ ਟਲ ਜਾਂਦੀ ਲੇਕਿਨ ਇਤਿਹਾਸ ਜ਼ਰੂਰ ਗਵਾਹ ਹੋਵੇਗਾ ਕਿ ਕਾਂਗਰਸ ਨੇ ਕਾਰਵਾਈ ਨੂੰ ਤੇਜ਼ ਕਰਨ ਲਈ ਸਚਮੁੱਚ ਥੋੜ੍ਹੀ ਜਿਹੀ ਕੋਸ਼ਿਸ਼ ਜ਼ਰੂਰ ਕੀਤੀ।

[: ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਪ੍ਰੈਸ ਕਾਨਫਰੰਸ (ਜੋ 13 ਅਪ੍ਰੈਲ, 1978 ਨੂੰ ਹੋਈ ਸੀ) ਦੇ ਬਿਲ ਮੁੱਖ ਮੰਤਰੀ ਜ਼ੈਲ ਸਿੰਘ ਦੇ ਦਫ਼ਤਰੋਂ ਅਦਾ ਹੋਏ ਸਨ ਅਤੇ ਹਰਮੰਦਰ ਸਾਹਿਬ ਤੇ ਹਮਲੇ ਤੋਂ ਕੁਝ ਹੀ ਦਿਨ ਪਹਿਲਾਂ ਰਾਜੀਵ ਗਾਂਧੀ ਨੇ ਸੰਤ ਨੂੰ 'ਕੋਈ ਇਤਰਾਜ਼ ਨਹੀਂ" ਸਰਟੀਫਿਕੇਟ ਜਾਰੀ ਕਰਨਾ ਠੀਕ ਸਮਝਿਆ। ਕਾਂਗਰਸ ਦੇ ਕਾਰਨਾਮਿਆਂ ਤੋਂ ਖਿੱਝ ਕੇ ਭਿੰਡਰਾਂਵਾਲੇ ਨੇ ਆਪਣੀ ਚਾਲ ਚਲਾਉਣੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਨੇ ਕਾਂਗਰਸ ਦੁਆਰਾ ਉਨ੍ਹਾਂ ਨੂੰ ਵਰਤੇ ਜਾਣ ਨਾਲੋਂ ਕਾਂਗਰਸ ਨੂੰ ਜ਼ਿਆਦਾ ਵਰਤਣਾ ਸ਼ੁਰੂ ਕਰ ਦਿੱਤਾ। ਕਾਂਗਰਸ ਆਪਣੀ ਬਾਜ਼ੀ ਸਿਲਸਿਲੇਵਾਰ ਖੇਡਣ ਵਿਚ ਕਾਮਯਾਬ ਹੋਈ। ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਚੌਕ ਮਹਿਤਾ ਵਿਖੇ ਬਿਨਾਂ ਵਜ੍ਹਾ ਗੋਲੀ ਚਲਾਉਣ ਤੋਂ ਬਾਅਦ, ਜਦੋਂ ਪੁਲਿਸ ਸੰਤ ਨੂੰ ਗਿਰਫਤਾਰ ਕਰਨ ਗਈ ਤਾਂ ਉਨ੍ਹਾਂ ਨੂੰ ਆਪਣਾ ਨਿਵਾਸ ਦਰਬਾਰ ਸਾਹਿਬ ਵਿਖੇ ਬਣਾਉਣ ਲਈ ਮਜਬੂਰ ਕੀਤਾ ਗਿਆ। ਉਸ ਤੋਂ ਬਾਅਦ ਦੀਆਂ ਬੇਰਹਿਮੀ ਨਾਲ ਕੀਤੀਆਂ ਘਟਨਾਵਾਂ ਨੇ ਬਲਿਊਸਟਾਰ ਓਪਰੇਸ਼ਨ ਦਾ ਰੂਪ ਧਾਰ ਲਿਆ।]

ਕਾਂਗਰਸ ਸਰਕਾਰ ਨੇ ਵੱਡੀਆਂ-ਵੱਡੀਆਂ ਚਾਲਾਂ ਖੇਡੀਆਂ ਜਿਸ ਨੇ ਧਾਰਮਿਕ-ਸਮਾਜਕ ਖਿਆਲੀ ਅੱਤਵਾਦ ਲਹਿਰ ਦਾ ਪਤਨ ਕਰ ਦਿੱਤਾ : ਉਹ ਸੀ ਓਪਰੇਸ਼ਨ ਬਲਿਊਸਟਾਰ ਦੀ ਕਾਰਵਾਈ। ਪਹਿਲੇ ਤੋਪ ਧਮਾਕੇ ਨਾਲ ਅਕਾਲੀਆਂ ਨੂੰ ਨਕਾਰਾ ਕਰ ਦਿੱਤਾ ਅਤੇ ਪੰਥ ਦੇ ਹਿੱਤਾਂ ਦੀ ਰਾਖੀ ਕਰਨ ਲਈ ਮੁਕੰਮਲ ਜ਼ਿੰਮੇਵਾਰੀ ਨੂੰ ਖ਼ਤਮ ਕਰ ਕੇ ਰੱਖ ਦਿੱਤਾ ਪਰੰਤੂ ਅਸਲੀ ਵਰਗ ਨੇ ਅੱਤਵਾਦੀਆਂ ਨੂੰ ਸੱਦਾ ਦੇਣ ਦੀ ਕਸਰ ਨਹੀਂ ਛੱਡੀ।

ਜੇਕਰ ਕੇਂਦਰੀ ਸਰਕਾਰ ਸੱਚ-ਮੁੱਚ ਇਹੋ ਜਿਹੀਆਂ ਚਾਲਾਂ ਖੇਡਦੀ ਰਹੀ ਹੈ ਤਾਂ ਉਸ ਨੂੰ ਬਲਿਊਸਟਾਰ ਤੋਂ ਤੁਰਤ ਬਾਅਦ ਚੋਣਾਂ ਕਰਵਾਉਣੀਆਂ ਚਾਹੀਦੀਆਂ ਸਨ ਜਦ ਕਿ ਅੱਤਵਾਦੀ ਅਜੇ ਵੀ "ਜਿਊਂਦੇ ਜਾਗਦੇ ਸਨ ਅਤੇ ਉਨ੍ਹਾਂ ਨੂੰ ਸੱਤਾ ਵਿਚ ਆ ਲੈਣ ਦਿੱਤਾ ਜਾਣਾ ਚਾਹੀਦਾ ਸੀ ਤਾਂ ਕਿ ਉਹ ਵੀ ਸਿਰੇ ਚੜ੍ਹ ਜਾਂਦੇ, ਢਿੱਲੇ ਪੈ ਜਾਂਦੇ ਅਤੇ ਵੋਟਰ ਦੀਆਂ ਨਜ਼ਰਾਂ ਵਿਚ ਗਿਰ ਜਾਂਦੇ। ਲੇਕਿਨ ਕਾਂਗਰਸ ਵਾਲੀ ਭਾਰਤ ਸਰਕਾਰ ਨੇ ਪੰਜਾਬ ਦੇ ਟਕਰਾਅ ਲਈ ਬਹੁਤ ਭੰਡੀ ਪ੍ਰਚਾਰ ਕਰਨ ਦਾ ਰਾਹ ਫੜ ਲਿਆ ਅਤੇ ਇਸ ਤਰ੍ਹਾਂ ਅੱਤਵਾਦੀ ਸਖ਼ਤ ਹੋ ਗਏ ਅਤੇ ਨਾਗਰਿਕਾਂ ਨੇ ਹੋਰ ਰੁੱਖਾਪਣ ਅਪਣਾ ਲਿਆ ਅਤੇ ਸਰਕਾਰ ਨੂੰ ਵੱਧ ਤੋਂ ਵੱਧ ਪ੍ਰਾਪੇਗੰਡਾ ਕਰਨ ਦਾ ਮੌਕਾ ਮਿਲ ਗਿਆ।

ਕਾਸ਼ ਕਿ ਇਹ ਕੇਵਲ ਸ਼ਤਰੰਜ ਦੀ ਬਿਸਾਤ ਤੇ ਖੇਡ ਦਾ ਇਕ ਟੂਰਨਾਮੈਂਟ ਹੁੰਦਾ। ਪਰ ਇਹ ਨਹੀਂ ਸੀ : ਇਸਦੇ ਮੋਹਰੇ ਸਨ ਆਦਮੀ, ਔਰਤਾਂ ਅਤੇ ਬੱਚੇ ਅਤੇ ਸਭ ਤੋਂ ਵੱਧ ਦੁਖਦਾਈ ਸ਼ਿਕਾਰ ਬਣਿਆ ਕਾਨੂੰਨ ਦੀ ਪਾਲਣਾ ਲਈ ਲੋਕਾਂ ਦਾ ਆਦਰ।

ਫਿਰਕੂ ਦੁਸ਼ਮਣੀ ਪਿੰਡਾਂ ਵਿਚ ਉੱਕਾ ਹੀ ਨਹੀਂ ਸੀ। ਲੇਕਿਨ ਹਿੰਦੂ

ਸ਼ਾਹੂਕਾਰਾਂ ਅਤੇ ਸਿੱਖ ਕਿਸਾਨਾਂ ਵਿਚ ਪੈਸਾ ਉਧਾਰ ਲੈਣ ਵਾਲਿਆਂ ਵਿਚਕਾਰ ਆਜ਼ਾਦੀ ਤੋਂ ਪਹਿਲਾਂ ਦੀ ਕੁੜਿੱਤਣ ਅਜੇ ਵੀ ਚਲ ਰਹੀ ਸੀ, ਘੱਟ ਤੋਂ ਘੱਟ ਪੁਰਾਣੀ ਪੀੜ੍ਹੀ ਦੇ ਦਿਲਾਂ ਵਿਚ ਤਾਂ ਸੀ ਹੀ। 1981-82 ਵਿਚ ਪੰਜਾਬ ਵਿਚ ਭਾੜੇ ਦੇ ਏਜੰਟ ਵਾਰ-ਵਾਰ ਉਕਸਾਉਣ ਵਾਲੀਆਂ ਕਾਰਵਾਈਆਂ ਕਰਦੇ ਸਨ, ਉਹ ਮੰਦਰਾਂ ਵਿਚ ਗਊਆਂ ਦੇ ਸਿਰ ਸੁੱਟ ਕੇ ਅਤੇ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਅੱਗੇ ਬੀੜੀਆਂ ਜਾਂ ਸਿਗਰਟਾਂ ਦੇ ਬੰਡਲ ਸੁੱਟ ਕੇ ਉਨ੍ਹਾਂ ਨੂੰ ਅਪਵਿੱਤਰ ਕਰਦੇ ਸਨ। ਨਿਸ਼ਚੇ ਹੀ ਇਸ ਤੋਂ ਲੋਕ ਭੜਕਦੇ ਸਨ ਪਰੰਤੂ ਫਿਰਕੂ ਦੰਗਿਆਂ ਵਿਚ ਨਹੀਂ ਉਲਝਦੇ ਸਨ - ਜੋ ਭੜਕਾਊ ਕਾਰਵਾਈਆਂ ਕਰਨ ਵਾਲਿਆਂ ਦੇ ਦਿਲਾਂ ਦੀ ਮਨਸ਼ਾ ਸਾਫ਼ ਦਿਖਾਈ ਦਿੰਦੀ ਸੀ। 30 ਕਾਂਗਰਸੀ ਐਮ.ਐਲ.ਏਜ਼. ਨੇ ਰਾਸ਼ਟਰਪਤੀ ਨੂੰ ਇਕ ਪੱਤਰ ਪੇਸ਼ ਕੀਤਾ ਜਿਸ ਵਿਚ ਦੋਸ਼ੀਆਂ ਦੇ ਨਾਂ ਦਿੱਤੇ ਗਏ ਸਨ, ਇਹ ਵਿਅਕਤੀ ਪੰਜਾਬ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਨੇੜੇ ਦੇ ਵਿਅਕਤੀ ਸਨ। ਗਊਆਂ ਦੇ ਵੱਢੇ ਹੋਏ ਸਿਰ ਲਈ ਜਾਂਦੀਆਂ ਜਿਹੜੀਆਂ ਗੱਡੀਆਂ ਰੋਕੀਆਂ ਗਈਆਂ ਸਨ, ਇਹ ਇਨ੍ਹਾਂ ਵਿਅਕਤੀਆਂ ਦੀਆਂ ਸਨ।

ਕਲਹ-ਕਲੇਸ਼ ਅਤੇ ਭਿਆਨਕ ਘਟਨਾਵਾਂ ਵਾਲੇ ਇਸ ਸਾਰੇ ਸਮੇਂ ਦੌਰਾਨ ਪੰਜਾਬ ਦੇ ਕਿਸੇ ਵੀ ਸ਼ਹਿਰ ਵਿਚ ਦੰਗੇ ਨਹੀਂ ਭੜਕੇ ਸਨ। ਜਿੱਥੋਂ ਤਕ ਇਕ ਸਾਧਾਰਨ ਵਿਅਕਤੀ ਦਾ ਸਬੰਧ ਸੀ, ਕੀ ਵਾਪਰਿਆ, ਕਿ ਮਿੱਤਰਾਂ ਅਤੇ ਗਵਾਂਢੀਆਂ ਦਾ ਇਕ ਦੂਜੇ ਪ੍ਰਤੀ "ਜੁਗਤ ਨਾਲ ਉਦਾਸੀਨਤਾ" ਵੱਧ ਗਈ। ਹਿੰਦੂ ਇਕ ਦੂਜੇ ਨੂੰ ਪੁੱਛਦੇ "ਇਹ ਖਬਤੀ ਸਰਦਾਰ ਹੁਣ ਅਗੋਂ ਹੋਰ ਕੀਹ ਕਰਣਗੇ" ਅਤੇ ਆਪਸ ਵਿਚ ਸਿੱਖ ਇਕ ਦੂਜੇ ਨੂੰ ਭਾਵੇਂ ਕਹਿ ਲੈਣ "ਇਹ ਸਾਲੇ ਹਿੰਦੂ"। ਪਰੰਤੂ ਅਖਬਾਰਾਂ ਦੀਆਂ ਖ਼ਬਰਾਂ ਪੜ੍ਹ ਕੇ ਨਿੱਜੀ ਸਬੰਧ ਬਹੁਤ ਘੱਟ ਟੁੱਟਣਗੇ - ਬਲਕਿ ਤੇਜ਼ੀ ਨਾਲ ਉਤਪੰਨ ਹੋਈਆਂ ਅਖਬਾਰਾਂ ਵਿਚੋਂ ਖਬਰਾਂ ਪੜ੍ਹ ਕੇ ਫਿਕਰਮੰਦ ਹੋਣਗੇ।

*ਅਰਥ-ਸ਼ਾਸਤਰ*

ਮਨੁੱਖ ਨੇ ਧਰਤੀ ਦਾ ਰੂਪ ਬਦਲਿਆ ਅਤੇ ਹਰ ਇਕ ਟੁਕੜੇ ਤੇ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਲੇਬਲ ਲਗਾਏ; ਕੁਦਰਤ ਨੇ ਵੀ ਹੱਦ-ਬੰਨੇ ਬਣਾਏ ਪਰੰਤੂ ਉਹ ਮਨੁੱਖਤਾ ਦੁਆਰਾ ਧਰਤੀ ਨੂੰ ਦਿੱਤੇ ਗਏ ਰੂਪ ਨਾਲ ਬਹੁਤ ਘੱਟ ਮਿਲਦੇ ਹਨ। ਭੂਗੋਲਿਕ ਤੌਰ ਤੇ ਦੋਵੇਂ, ਪੂਰਬੀ ਅਤੇ ਪੱਛਮੀ ਪੰਜਾਬ, ਅਤੇ ਮੁਲਤਾਨ ਅਤੇ ਸਿੰਧ, ਬਲੋਚਿਸਤਾਨ ਦੇ ਹਿੱਸੇ, ਨਾਰਥ-ਵੈਸਟ ਫਰੰਟੀਅਰ ਸੂਬੇ ਅਤੇ ਕਸ਼ਮੀਰ ਦੀ ਘਾਟੀ ਤਕ ਦਾ ਸਾਰਾ ਹਿੱਸਾ, ਇਹ ਸਾਰੇ ਇਲਾਕੇ ਇਕ ਦੂਜੇ ਨਾਲ ਜੁੜੇ ਹੋਏ ਹਨ।

"ਪੰਜਾਬ" ਦਾ ਸ਼ਾਬਦਿਕ ਅਰਥ ਹੈ "ਪੰਜ ਦਰਿਆ"। ਵੰਡ ਤੋਂ ਪਹਿਲਾਂ ਜੇਹਲਮ, ਚਿਨਾਬ, ਰਾਵੀ, ਬਿਆਸ ਅਤੇ ਸਤਲੁਜ ਦਰਿਆ ਸਨ - ਜੋ

ਕਿ ਸਿੰਧ ਦਰਿਆ ਦੀਆਂ ਸਹਾਇਕ ਨਦੀਆਂ ਸਨ। ਸਰਹੱਦ ਦੇ ਭਾਰਤ ਵਾਲੇ ਪਾਸੇ ਦੇ ਇਲਾਕੇ ਨੂੰ ਅਜੇ ਵੀ ਪੰਜਾਬ ਕਿਹਾ ਜਾਂਦਾ ਹੈ ਲੇਕਿਨ ਅਸਲ ਵਿਚ ਇਹ ਹੁਣ ਸਿਰਫ "ਢਾਈ ਆਬ" ਹੈ - "ਦੋ ਅਤੇ ਅੱਧਾ ਦਰਿਆ"। ਵੰਡ ਤੋਂ ਬਾਅਦ ਪੂਰਬੀ ਪੰਜਾਬ ਵਿਚ ਸਤਲੁਜ, ਬਿਆਸ ਅਤੇ ਰਾਵੀ ਦਾ ਇਕ ਹਿੱਸਾ ਹੀ ਰਹਿ ਗਿਆ।

ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਵਿਚ ਪਾਣੀ ਦੀ ਹਮੇਸ਼ਾਂ ਬਹੁਤ ਜ਼ਿਆਦਾ ਮਹੱਤਤਾ ਰਹੀ ਹੈ। ਇਹ ਮਹੱਤਤਾ ਇਸ ਤੱਥ ਪੱਖੋਂ ਵੀ ਦੇਖੀ ਜਾ ਸਕਦੀ ਹੈ ਕਿ ਅਜੇ ਸੌ ਸਾਲ ਵੀ ਨਹੀਂ ਹੋਏ ਕਿ ਇਸ ਇਲਾਕੇ ਵਿਚ ਹਥਿਆਰਬੰਦ ਵਿਅੱਕਤੀਆਂ ਦੁਆਰਾ ਖੂਹਾਂ 'ਤੇ ਪਹਿਰਾ ਦਿੱਤਾ ਜਾਂਦਾ ਸੀ। ਰਾਜ ਦੇ ਪਾਣੀ ਦੇ ਸਾਧਨਾਂ ਨੂੰ ਲਗਾਤਾਰ ਢਾਅ ਲੱਗਣੀ ਕੇਵਲ ਵੰਡ ਤੋਂ ਹੀ ਸ਼ੁਰੂ ਹੋਈ ਹੈ। ਲਗਾਈ ਗਈ ਹਰੇਕ ਕਟੌਤੀ ਇਕ ਜ਼ਖ਼ਮ ਦੇ ਨਿਆਈਂ ਸੀ। ਪੱਛਮੀ ਪੰਜਾਬ ਵਿਚ, ਮਿੰਟਗੁਮਰੀ ਨਹਿਰੀ ਕਾਲੋਨੀਆਂ ਵਿਚੋਂ ਪਹਿਲੀ ਸੀ। ਇਸ ਸ਼ਤਾਬਦੀ ਦੌਰਾਨ ਸਿੰਜਾਈ ਦੇ ਸਾਧਨਾਂ ਨੇ ਇਸ ਬਰਾਨੀ ਜ਼ਮੀਨ ਨੂੰ ਬਹੁਤ ਜ਼ਰਖ਼ੇਜ਼ ਬਣਾ ਦਿੱਤਾ ਜਿਸ ਦੀ ਪੈਦਾਵਾਰ ਅੰਗ੍ਰੇਜ਼ ਇੰਜੀਨੀਅਰਾਂ ਅਤੇ ਪੰਜਾਬੀ ਕਿਸਾਨਾਂ ਦੇ ਸੁਪਨਿਆਂ ਤੋਂ ਵੀ ਅੱਗੇ ਵੱਧ ਗਈ। ਲਾਇਲਪੁਰ, ਕੈਂਪਬੈਲਪੁਰ, ਸ਼ੇਖੂਪੁਰਾ ਅਤੇ ਗੁਜਰਾਤ ਵੀ ਇਸੇ ਪੈਟਰਨ ਤੇ ਵਿਕਸਿਤ ਕੀਤੇ ਗਏ ਸਨ ਜਿਸਦੇ ਬਹੁਤ ਵਧੀਆ ਸਿੱਟੇ ਨਿਕਲੇ। ਇਹ ਥਾਵਾਂ ਬੀਕਾਨੇਰ ਦੇ ਮਹਾਰਾਜਾ ਗੰਗਾ ਸਿੰਘ ਦੀਆਂ ਇਕ ਆਦਰਸ਼ ਬਸਤੀਆਂ ਸਨ। ਉਸ ਦੇ ਮਨ ਵਿਚ ਉੱਤਰੀ ਰਾਜਸਥਾਨ ਦੇ ਇਲਾਕੇ ਨੂੰ ਉਪਜਾਊ ਬਣਾਉਣ ਦੇ ਸੁਪਨਿਆਂ ਤੋਂ ਇਕ ਨਹਿਰ ਬਣਾਉਣ ਦਾ ਖਿਆਲ ਉਠਿਆ ਜਿਸ ਕਰਕੇ ਸਤਲੁਜ ਦਾ ਪਾਣੀ ਦੱਖਣ ਨੂੰ ਦੇਣਾ ਪਿਆ।

ਇਥੇ ਇਹ ਜ਼ਿਕਰ ਕਰਨ ਦਾ ਚੰਗਾ ਮੌਕਾ ਹੈ ਕਿ ਜਦੋਂ ਅਸੀਂ ਸੈਂਕੜੇ ਮੀਲ ਦੂਰ ਪਾਣੀ ਲਿਜਾਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਰਸਤੇ ਵਿਚ ਬਹੁਤ ਸਾਰਾ ਪਾਣੀ ਰਿਸ ਰਿਸ ਕੇ ਬਰਬਾਦ ਹੋ ਜਾਂਦਾ ਹੈ। ਜੇਕਰ ਇਸੇ ਪਾਣੀ ਨੂੰ ਇਸ ਦੇ ਨੇੜੇ ਦੀ ਧਰਤੀ ਲਈ ਵਰਤਿਆ ਜਾਵੇ ਤਾਂ ਇਸ ਤੋਂ ਬਹੁਤ ਪੈਦਾਵਾਰ ਕੀਤੀ ਜਾ ਸਕਦੀ ਹੈ।

ਇਹ ਨਹਿਰ 1920 ਵਿਚ ਬਣਾਈ ਗਈ ਸੀ ਅਤੇ ਪੰਜਾਬ ਨਾਲ ਬੀਕਾਨੇਰ ਦਾ ਇਹ ਫੈਸਲਾ ਹੋਇਆ ਸੀ ਕਿ ਰਾਜਸਥਾਨ ਪੰਜਾਬ ਨੂੰ ਸਿਵਰੇਜ ਖਰਚੇ ਅਦਾ ਕਰੇਗਾ ਅਤੇ ਸ੍ਰੀਗੰਗਾਨਗਰ ਦੀਆਂ ਨਵੀਆਂ ਨਹਿਰੀ ਆਬਾਦੀਆਂ ਵਿਚ ਪੰਜਾਬ ਦੇ ਕੁੱਝ ਕਿਸਾਨਾਂ ਨੂੰ ਵਸਾਏਗਾ।

ਉਸ ਸਮੇਂ ਦੇ ਪੰਜਾਬ ਨੇ ਦਰਿਆਈ ਪਾਣੀਆਂ ਦਾ ਫਰਾਖ਼ਦਿਲੀ ਨਾਲ ਸਮਝੌਤਾ ਕਰ ਲਿਆ; ਆਜ਼ਾਦੀ ਤੋਂ ਬਾਅਦ "ਸੁਤੰਤਰ" ਪੰਜਾਬ ਦਾ ਇਸਦੇ ਮੁੱਖ ਸੋਮੇ ਦੀ ਵੰਡ ਵਿਚ ਬੋਲਬਾਲਾ ਨਹੀਂ ਰਹਿ ਗਿਆ ਸੀ।

ਆਜ਼ਾਦੀ ਤੋਂ ਕੁਝ ਚਿਰ ਬਾਅਦ ਹੀ ਇਕ ਪ੍ਰਬੰਧਕੀ ਹੁਕਮ ਰਾਹੀਂ ਰਾਜਸਥਾਨ ਨੂੰ ਇਸ ਦਲੀਲ ਤੇ ਹੋਰ ਪਾਣੀ ਦੇ ਦਿੱਤਾ ਕਿ ਇਹ ਪਾਣੀ ਫਾਲਤੂ ਹੈ। 1966 ਵਿਚ ਪੰਜਾਬ ਭਾਸ਼ਾਈ ਆਧਾਰ ਤੇ ਪੰਜਾਬ ਅਤੇ ਹਰਿਆਣਾ ਵਿਚਕਾਰ ਵੰਡਿਆ ਗਿਆ।

ਹਰਿਆਣੇ ਨੂੰ ਇਸ ਦਰਿਆਈ ਪਾਣੀ ਦਾ ਕੋਈ ਹੱਕ ਨਹੀਂ ਸੀ ਲੇਕਿਨ ਇਸ ਨੂੰ ਇਸ ਕਰਕੇ ਕੁਝ ਪਾਣੀ ਦੇ ਦਿੱਤਾ ਗਿਆ ਕਿ ਇਹ ਇਕ ਉੱਤਰਾਧਿਕਾਰੀ ਸੂਬਾ ਹੈ। ਇਕ ਹੋਰ ਸਰਕਾਰੀ ਹੁਕਮ ਰਾਹੀਂ ਕੇਂਦਰ ਨੇ ਹਰਿਆਣੇ ਨੂੰ ਹੋਰ ਪਾਣੀ ਦੇਣ ਦਾ ਹੁਕਮ ਦੇ ਦਿੱਤਾ ਅਤੇ ਇਸ ਮੰਤਵ ਲਈ ਇਕ ਨਹਿਰ ਉਸਾਰਨ ਦੀ ਮਨਜ਼ੂਰੀ ਵੀ ਦੇ ਦਿੱਤੀ : ਇਹ ਨਹਿਰ ਹੈ ਸਤਲੁਜ-ਯਮੁਨਾ ਲਿੰਕ (ਐਸ ਵਾਈ ਐਲ) ਨਹਿਰ।

ਅਕਾਲੀ ਦਲ ਪਾਣੀ ਦੇ ਸੋਮਿਆਂ ਵਿਚ ਹੇਰਾਫੇਰੀ ਕੀਤੇ ਜਾਣ ਤੋਂ ਪਹਿਲਾਂ ਹੀ ਤੰਗ ਸੀ ਅਤੇ ਇਸ ਨਹਿਰ ਰਾਹੀਂ ਹੋਰ ਪਾਣੀ ਖੁੱਸ ਜਾਣ ਤੋਂ ਉਹ ਹੋਰ ਰੋਹ ਵਿਚ ਆ ਗਿਆ। ਪੰਜਾਬ ਦੀ ਅਕਾਲੀ ਸਰਕਾਰ ਨੇ ਪਹਿਲਾਂ ਸੁਪਰੀਮ ਕੋਰਟ ਵਿਚ ਇਕ ਕੇਸ ਦਾਇਰ ਕੀਤਾ ਹੋਇਆ ਸੀ ਏਨੇ ਵਿਚ ਇੰਦਰਾ ਗਾਂਧੀ 1969 ਵਿਚ ਕੇਂਦਰ ਵਿਚ ਸੱਤਾ ਵਿਚ ਆ ਗਈ। ਉਸ ਨੇ ਅਕਾਲੀ ਸਰਕਾਰ ਬਰਖ਼ਾਸਤ ਕਰ ਦਿੱਤੀ ਅਤੇ ਮੁੱਖ ਮੰਤਰੀ ਦਰਬਾਰਾ ਸਿੰਘ ਦੀ ਅਗਵਾਈ ਹੇਠ ਇਕ ਕੱਠਪੁਤਲੀ ਕਾਂਗਰਸ ਸਰਕਾਰ ਕਾਇਮ ਕਰ ਦਿੱਤੀ ਗਈ। ਦਰਿਆਈ ਪਾਣੀਆਂ ਦਾ ਕੇਸ ਤੁਰੰਤ ਵਾਪਸ ਲੈ ਲਿਆ ਗਿਆ ...ਇਸ ਕਾਂਗਰਸੀ ਮੁੱਖ ਮੰਤਰੀ ਨੇ ਖ਼ੁਦ ਮਹਿਸੂਸ ਵੀ ਕੀਤਾ ਅਤੇ ਮੰਨਿਆਂ ਕਿ ਇਹ ਕੰਮ ਮੈਂ ਕੇਂਦਰ ਦੇ ਦਬਾਓ ਵਿਚ ਆ ਕੇ ਕੀਤਾ ਹੈ।

ਚਾਰ ਸਾਲਾਂ ਬਾਅਦ, ਭਾਰਤੀ ਕਿਸਾਨ ਯੂਨੀਅਨ, ਇਕ ਕਿਸਾਨ ਸੰਸਥਾ, ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78 ਤੋਂ 80 ਤਕ ਦੀ ਸੰਵਿਧਾਨਿਕਤਾ ਨੂੰ ਚੁਣੌਤੀ ਦਿੱਤੀ। ਇਹ ਧਾਰਾਵਾਂ ਪੰਜਾਬ ਦੇ ਦਰਿਆਈ ਪਾਣੀਆਂ ਸਬੰਧੀ ਸ਼ਕਤੀਆਂ ਨਾਲ ਸਬੰਧਤ ਸਨ। ਮੁੱਖ ਜੱਜ ਐਸ.ਐਸ. ਸੰਧਾਵਾਲੀਆ ਨੇ ਇਸ ਕੇਸ ਦੀ ਸੁਣਵਾਈ ਲਈ ਇਕ ਮੁਕੰਮਲ ਬੈਂਚ ਗਠਿਤ ਕਰ ਦਿੱਤਾ ਅਤੇ ਨਵੰਬਰ 23, 1983, ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਸੁਣਵਾਈ 25 ਨਵੰਬਰ ਨੂੰ ਸ਼ੁਰੂ ਹੋਵੇਗੀ। ਪਰੰਤੂ ਐਤਵਾਰ ਦੀ ਰਾਤ ਤਕ ਸੰਧਾਵਾਲੀਆ ਨੂੰ ਅਚਾਨਕ ਪਟਨਾ ਹਾਈ ਕੋਰਟ ਬਦਲ ਦਿੱਤਾ ਗਿਆ ਅਤੇ ਉਸ ਤੋਂ ਬਾਅਦ ਅਟਾਰਨੀ ਜਨਰਲ ਨੇ ਸੁਪਰੀਮ ਕੋਰਟ ਨੂੰ ਜ਼ਬਾਨੀ ਬੇਨਤੀ ਕੀਤੀ ਕਿ ਕੇਸ ਹੇਠਲੀ ਅਦਾਲਤ ਤੋਂ ਸਰਵ ਉੱਚ ਅਦਾਲਤ ਨੂੰ ਭੇਜਿਆ ਜਾਵੇ। ਇਹ ਬੇਨਤੀ ਮੰਨ ਲਈ ਗਈ ਲੇਕਿਨ ਇਕ ਦਹਾਕੇ ਤੋਂ ਵੱਧ ਸਮਾਂ ਬੀਤ ਗਿਆ ਹੈ, ਕੇਸ ਅਜੇ ਉਥੇ ਹੀ ਪਿਆ ਹੈ।

ਇਸ ਤਰ੍ਹਾਂ ਪਾਣੀ ਦੇ ਸਾਧਨਾਂ ਨੂੰ ਗੁਆਚਦਿਆਂ ਦੇਖ ਕੇ ਪੰਜਾਬੀਆਂ

ਨੂੰ ਵਿਸ਼ੇਸ਼ ਕਰਕੇ ਧੱਕਾ ਲੱਗਿਆ ਕਿਉਂਕਿ ਅੰਤਰ-ਰਾਸ਼ਟਰੀ ਕਾਨੂੰਨ ਅਤੇ ਭਾਰਤੀ ਸੰਵਿਧਾਨ ਦੋਹਾਂ ਵਿਚ ਇਹ ਉਪਬੰਧ ਹੈ ਕਿ ਦਰਿਆਈ ਪਾਣੀ ਅਤੇ ਇਸ ਤੋਂ ਪੈਦਾ ਕੀਤੀ ਗਈ ਬਿਜਲੀ ਉਸੇ ਰਾਜ ਦੀ ਹੋਵੇਗੀ ਜਿਸ ਵਿਚੋਂ ਇਹ ਪੈਦਾ ਕੀਤੀ ਜਾਂਦੀ ਹੈ ਅਤੇ ਹੋਰ ਕੋਈ ਰਾਜ ਇਸ ਤੇ ਆਪਣਾ ਹੱਕ ਨਹੀਂ ਜਮਾ ਸਕਦਾ। ਸੰਵਿਧਾਨ ਅਨੁਸਾਰ, ਸਿੰਜਾਈ ਅਤੇ ਪਣ-ਬਿਜਲੀ ਦੇ ਵਿਸ਼ੇ ਰਾਜ ਦੇ ਅਖ਼ਤਿਆਰ ਵਿਚ ਹਨ।

ਦਰਅਸਲ, ਕਈ ਵਾਰ ਕਿਸੇ ਚੀਜ਼ ਲਈ ਕਿਸੇ ਹੋਰ ਤੇ ਨਿਰਭਰ ਕਰਨਾ ਪੈਂਦਾ ਹੈ। ਕਿਉਂਕਿ ਡੈਮਾਂ ਅਤੇ ਸਿੰਜਾਈ ਨਹਿਰਾਂ ਦੀ ਉਸਾਰੀ ਲਈ ਕੇਂਦਰ ਪੈਸਾ ਮਨਜ਼ੂਰ ਕਰਨ ਅਤੇ ਆਗਿਆ ਦੇਣ ਵਾਲੀ ਅਥਾਰਟੀ ਹੈ, ਤਾਂ ਕੇਂਦਰ ਸੁਭਾਵਕ ਤੌਰ ਤੇ ਮਨਮਾਨੀ ਕਰੇਗਾ ਕਿ ਕੋਈ ਰਾਜ ਆਪਣੇ ਪਾਣੀ ਨਾਲ ਕੀ ਕਰ ਸਕਦਾ ਹੈ ਜਾਂ ਕੀ ਨਹੀਂ ਕਰ ਸਕਦਾ। ਚਾਹੇ ਕੋਈ ਰਾਜ ਦਰਿਆਵਾਂ ਦੇ ਪਾਣੀਆਂ ਦੀ ਵਰਤੋਂ ਤੋਂ ਕਾਫੀ ਧਨ ਇਕੱਠਾ ਕਰ ਸਕੇ ਲੇਕਿਨ 80 ਲੱਖ ਤੋਂ ਵੱਧ ਦੀ ਕੀਮਤ ਵਾਲੇ ਕਿਸੇ ਪ੍ਰਾਜੈਕਟ ਲਈ ਕੇਂਦਰ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ।

ਖੇਤੀਬਾੜੀ ਮਾਹਰਾਂ ਨੇ ਹਿਸਾਬ ਲਗਾਇਆ ਕਿ ਧਾਨ ਅਤੇ ਕਣਕ ਵਾਰੀ-ਵਾਰੀ ਪੈਦਾ ਕਰਨ ਨਾਲ ਪ੍ਰਤਿ ਏਕੜ ਅਨਾਜ ਪੈਦਾ ਕਰਨ ਲਈ ਸਾਲਾਨਾ 5 ਤੋਂ 6 ਏਕੜ ਫੀਟ ਦੀ ਲੋੜ ਹੈ। ਪੰਜਾਬ ਵਿਚ ਕੁਲ 105 ਲੱਖ ਏਕੜ ਰਕਬਾ ਹੈ ਜਿਸ ਵਿਚੋਂ 95 ਪ੍ਰਤਿਸ਼ਤ ਖੇਤਰ ਵਿਚ ਖੇਤੀ ਹੁੰਦੀ ਹੈ। ਮੋਟਾ ਹਿਸਾਬ ਲਗਾਇਆ ਜਾਵੇ ਤਾਂ ਪਤਾ ਲਗਦਾ ਹੈ ਕਿ ਪੰਜਾਬ ਲਈ ਪਾਣੀ ਦੀ ਜ਼ਰੂਰਤ ਲਗਭਗ 52.5 ਐਮ ਏ ਐਫ ਹੈ।

ਸੁਪਰੀਮ ਕੋਰਟ ਨੂੰ ਕੇਸ ਰੈਫਰ ਕਰਨ ਤੋਂ ਬਿਨਾਂ ਕੇਂਦਰ ਨੇ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਪਾਣੀ ਵੰਡ ਦਿੱਤਾ (ਯਮੁਨਾ ਤਲ ਅਤੇ ਰਾਜਸਥਾਨ ਵਿਚ ਥਾਰ ਮਾਰੂਥਲ ਵਿਚ ਵਰਤੇ ਜਾਣ ਲਈ ਜੋ ਕਿ ਰਾਵੀ, ਬਿਆਸ ਅਤੇ ਸਤਲੁਜ ਤਲ ਤੋਂ ਬਹੁਤ ਦੂਰ ਹਨ)। ਪੰਜਾਬ, ਜੋ ਕਿ ਇਕੱਲਾ ਮਾਲਕ ਹੈ, ਨੂੰ ਕੁੱਲ ਮਾਤਰਾ ਵਿਚੋਂ ਸਿਰਫ 5 ਐਮ ਏ ਐਫ ਪਾਣੀ ਦਿੱਤਾ ਗਿਆ।

ਮਲਕੀਅਤੀ ਹੱਕ ਇਸ ਸਿੱਧਾਂਤ ਤੇ ਆਧਾਰਿਤ ਹਨ ਕਿ ਸਿਰਫ ਉਹੋ ਹੀ ਇਲਾਕੇ ਇਸ ਵਿਚ ਆਉਂਦੇ ਹਨ ਜਿਹੜੇ ਦਰਿਆ ਦੇ ਹੜ੍ਹ ਦੀ ਮਾਰ ਹੇਠ ਆਉਂਦੇ ਹਨ। ਨਾ ਰਾਜਸਥਾਨ, ਨਾ ਹੀ ਹਰਿਆਣਾ ਅਤੇ ਨਾ ਦਿੱਲੀ, ਪੰਜਾਬ ਦੇ ਦਰਿਆਵਾਂ ਦੇ ਕਿਤੇ ਨੇੜੇ ਪੈਂਦੇ ਹਨ।

ਭਾਵੇਂ ਪੰਜਾਬ ਦਾ ਪਾਣੀ ਅਤੇ ਇਸ ਦੁਆਰਾ ਪੈਦਾ ਕੀਤੀ ਜਾਂਦੀ ਬਿਜਲੀ ਦੂਜੇ ਰਾਜਾਂ ਨੂੰ ਭੇਜੀ ਜਾਂਦੀ ਹੈ, ਲੇਕਿਨ ਹੜ੍ਹਾਂ ਤੋਂ ਨੁਕਸਾਨ ਪੰਜਾਬ ਨੂੰ ਹੀ ਉਠਾਉਣਾ ਪੈਂਦਾ ਹੈ। 1988 ਸਤੰਬਰ ਵਿਚ, ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਕੇਂਦਰ ਸਰਕਾਰ ਨੇ ਮੰਨਿਆਂ ਕਿ ਰਾਜ ਵਿਚ 27,000 ਕਰੋੜ ਰੁਪਏ ਦਾ ਮਾਲੀ ਨੁਕਸਾਨ ਹੋਇਆ ਅਤੇ 900 ਜਾਨਾਂ ਗਈਆਂ ... ਪਰੰਤੂ ਲੋਕਾਂ ਨੂੰ

ਰੱਤਾ ਕੁ ਜਿੰਨੀ ਰਾਹਤ ਵੀ ਨਹੀਂ ਦਿੱਤੀ ਗਈ।

ਜਦੋਂ ਕਿ ਪੰਜਾਬ ਦਾ ਪਾਣੀ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਨਹਿਰਾਂ ਰਾਹੀਂ ਭੇਜਿਆ ਜਾਂਦਾ ਹੈ, ਪੰਜਾਬ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਪਾਣੀ ਧਰਤੀ ਵਿਚੋਂ ਟਿਊਬਵੈਲ ਲਗਾ ਕੇ ਕੱਢਣ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਰਾਜ ਵਿਚ ਲੱਗੇ 14 ਲੱਖ ਟਿਊਬਵੈਲਾਂ ਰਾਹੀਂ ਧਰਤੀ ਵਿਚੋਂ ਚੁੱਕਿਆ ਜਾ ਰਿਹਾ ਪਾਣੀ ਤੇਜ਼ੀ ਨਾਲ ਧਰਤੀ ਹੇਠੋਂ ਘਟਦਾ ਜਾ ਰਿਹਾ ਹੈ। ਇਸ ਦਾ ਮਤਲਬ ਹੈ ਕਿ ਕਿਸਾਨਾਂ ਨੂੰ ਜਲਦੀ ਜਲਦੀ ਆਪਣੇ ਖੂਹ ਡੂੰਘੇ ਕਰਨੇ ਪੈਂਦੇ ਹਨ - ਜਿਸ ਕਰਕੇ ਖੂਹ ਡੂੰਘੇ ਕਰਨ, ਪੰਪ ਚਲਾਉਣ ਲਈ ਲੋੜੀਂਦੇ ਸਮਾਨ ਦੀ ਖਰੀਦ ਅਤੇ ਖਾਲੇ ਬਣਾਉਣ ਲਈ ਪਹਿਲਾਂ ਹੋਏ ਹੋਏ ਬਹੁਤ ਸਾਰੇ ਖਰਚੇ ਦੇ ਹੋਰ ਵੱਧਣ ਦੇ ਆਸਾਰ ਬਣ ਜਾਂਦੇ ਹਨ।

ਟਿਊਬਵੈਲ ਸਿੰਜਾਈ ਬਹੁਤ ਵਿੱਤੀ ਬੋਝ ਵਾਲੀ ਹੈ ਜਿਹੜੀ ਕਿ ਪਹਿਲਾਂ ਹੀ ਅਸਹਿਣਯੋਗ ਹੈ। ਮਾਹਰਾਂ ਦਾ ਕਹਿਣਾ ਹੈ ਕਿ ਟਿਊਬਵੈਲਾਂ ਦੀ ਸਿੰਜਾਈ ਜਲਦੀ ਨਾਕਾਰਥ ਹੋ ਜਾਵੇਗੀ ਅਤੇ ਇਸ ਨਾਲ ਸਿੰਜਿਆ ਜਾ ਰਿਹਾ ਰਕਬਾ ਮਾਰੂਥਲ ਬਣ ਜਾਵੇਗਾ।

ਸ਼ਿਵਾਲਿਕ ਦੇ ਨਾਲ-ਨਾਲ ਦੀ ਜ਼ਮੀਨ ਜਿੱਥੋਂ ਤਿੰਨ ਵੱਡੇ ਦਰਿਆ ਅਤੇ ਕਈ ਨਦੀਆਂ ਨਿਕਲਦੀਆਂ ਹਨ, ਨੇ ਪੰਜਾਬ ਨੂੰ ਪਣ-ਬਿਜਲੀ ਪੈਦਾ ਕਰਨ ਦਾ ਇਕ ਵਿਸ਼ਾਲ ਸੋਮਾ ਦਿੱਤਾ। ਇਸ ਸਾਧਨ ਦੀ ਮੁਕੰਮਲ ਵਰਤੋਂ ਕੀਤੇ ਜਾਣ ਨਾਲ ਪੰਜਾਬ ਦੀ ਬਿਜਲੀ ਦੀ ਕੁਲ ਲੋੜ ਤੋਂ ਇਲਾਵਾ ਵੇਚਣ ਲਈ ਵਾਧੂ ਬਿਜਲੀ ਪੈਦਾ ਹੋਵੇਗੀ।

ਪਾਣੀ ਦੀ ਤਰ੍ਹਾਂ, ਪੰਜਾਬ ਦੇ ਦਰਿਆਵਾਂ ਤੋਂ ਪੈਦਾ ਕੀਤੀ ਗਈ ਬਿਜਲੀ ਗੈਰ-ਮਾਲਕੀ ਵਾਲੇ ਰਾਜਾਂ ਨੂੰ ਵੰਡੀ ਜਾਂਦੀ ਹੈ ਅਤੇ ਇਹ ਇਕ ਦਿਲਚਸਪ ਗੱਲ ਹੈ ਕਿ ਭਾਖੜੇ ਪਿੱਛੇ ਤਿੰਨ ਵੱਡੇ ਪਾਣੀ ਦੇ ਭੰਡਾਰ, ਅਰਥਾਤ ਗੁਰੂ ਗੋਬਿੰਦ ਸਾਗਰ ਅਤੇ ਪੌਂਗ ਅਤੇ ਸਲਾਲ ਡੈਮਾਂ ਦੇ ਰਿਜ਼ਰਵਾਇਰ ਇਕ ਤੋਂ ਤਿੰਨ ਮੀਲਾਂ ਤਕ ਪੰਜਾਬ ਦੇ ਖੇਤਰ ਤੋਂ ਬਾਹਰ ਰੱਖੇ ਹੋਏ ਹਨ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਜਿਹੜਾ ਭਾਖੜਾ ਹਾਈਡਲ ਯੂਨਿਟਾਂ ਨੂੰ ਚਲਾਉਂਦਾ ਹੈ, ਦਾ ਕੰਟ੍ਰੋਲ ਪਹਿਲਾਂ ਪੰਜਾਬ ਕੋਲ ਸੀ ਪਰੰਤੂ ਉਹ ਵੀ ਕੇਂਦਰ ਨੇ ਆਪਣੇ ਹੱਥਾਂ ਵਿਚ ਲੈ ਲਿਆ।

ਪੰਜਾਬ ਵਿਚ ਤਿਆਰ ਕੀਤੀ ਜਾਂਦੀ ਪਣ-ਬਿਜਲੀ ਜ਼ਿਆਦਾਤਰ ਦੂਜੇ ਰਾਜਾਂ ਨੂੰ ਭੇਜੀ ਜਾਂਦੀ ਹੈ ਜਦ ਕਿ ਇਥੋਂ ਦੂਜੇ ਰਾਜਾਂ ਨੂੰ ਪਹੁੰਚਾਉਣ ਦਾ ਖ਼ਰਚਾ ਬਹੁਤ ਜ਼ਿਆਦਾ ਪੈਂਦਾ ਹੈ ਅਤੇ ਪੰਜਾਬ ਵਿਚ ਬਿਜਲੀ ਦੀ ਥੁੜ੍ਹ ਨੂੰ ਪੂਰਾ ਕਰਨ ਲਈ ਪਾਵਰ ਸਟੇਸ਼ਨ ਚਲਾਉਣ ਵਾਸਤੇ 800 ਕਿਲੋਮੀਟਰ ਦੀ ਦੂਰੀ ਤੋਂ ਕੋਇਲਾ ਪੰਜਾਬ ਵਿਚ ਢੋਇਆ ਜਾਂਦਾ ਹੈ। ਤਾਪ ਬਿਜਲੀ ਘਰ ਪਣ-ਬਿਜਲੀ ਘਰਾਂ ਨਾਲੋਂ ਕਿਤੇ ਜ਼ਿਆਦਾ ਮਹਿੰਗੇ ਪੈਂਦੇ ਹਨ ਅਤੇ ਇਹ ਵਾਤਾਵਰਣ ਨੂੰ ਗੰਧਲਾ ਵੀ ਬਹੁਤ ਕਰਦੇ ਹਨ।

ਉਹ ਰਾਜ ਜਿਸ ਵਿਚ ਪਣ-ਬਿਜਲੀ ਪੈਦਾ ਕਰਨ ਦਾ ਪੂਰਾ ਪ੍ਰਬੰਧ ਹੋਵੇ ਲੇਕਿਨ ਉਹ ਆਪਣੀ ਪੈਦਾ ਕੀਤੀ ਬਿਜਲੀ ਸਸਤੇ ਭਾਅ ਤੇ ਦੂਜਿਆਂ ਨੂੰ ਦੇਵੇ ਅਤੇ ਆਪਣੀ ਲੋੜ ਪੂਰੀ ਕਰਨ ਲਈ ਬਿਜਲੀ ਪੈਦਾ ਕਰਨ ਲਈ ਕੋਲਾ ਬਾਹਰੋਂ ਲਿਆਉਣ ਦੀ ਤਕਲੀਫ ਝੱਲੇ, ਇਹ ਕੋਈ ਤੁਕ ਨਹੀਂ ਬਣਦੀ ਅਤੇ ਜਿਵੇਂ ਕਿਤੇ ਇਨ੍ਹਾਂ ਥਰਮਲ ਪਲਾਂਟਾਂ ਤੇ ਵਿਅਰਥਤਾ ਦੀ ਅੰਤਮ ਮੋਹਰ ਲਗਾਉਣ ਲਈ ਘੱਟੋ-ਘੱਟ ਇਕ ਥਰਮਲ ਪਲਾਂਟ ਦਾ ਨਾਂ ਸਿੱਖ ਧਰਮ ਦੇ ਬਾਨੀ ਗੁਰੂ ਦੇ ਨਾਂ ਤੇ ਰੱਖਿਆ ਗਿਆ ਹੈ - ਜੋ ਕਿ ਇਕ ਬੇਮਾਨਾ ਧਰਵਾਸ ਹੈ।

ਜੇਕਰ ਪੰਜਾਬ ਤੋਂ ਬਾਹਰ ਗਵਾਂਢੀ ਰਾਜਾਂ ਨੂੰ ਲਿਜਾਏ ਜਾ ਰਹੇ ਪਾਣੀ ਅਤੇ ਬਿਜਲੀ ਦੀ ਕੀਮਤ ਦਾ ਹਿਸਾਬ ਲਗਾਇਆ ਜਾਵੇ ਤਾਂ ਅੰਕੜਾ 30,000 ਕਰੋੜ ਰੁਪਏ ਸਾਲਾਨਾ ਬਣਦਾ ਹੈ। ਇਹ ਲੁੱਟ-ਖਸੁੱਟ ਹੁਣ ਵੀ ਹੈ ਅਤੇ ਕਈ ਦਹਾਕਿਆਂ ਤੋਂ ਚੱਲੀ ਆ ਰਹੀ ਹੈ - ਜਿਸ ਨਾਲ ਰਾਜ ਤੋਂ ਬਾਹਰ ਲਿਜਾਏ ਜਾ ਰਹੇ ਇਨ੍ਹਾਂ ਤੱਤਾਂ ਦੀ ਕੀਮਤ ਸਚਮੁਚ ਬੇਇੰਤਿਹਾ ਹੋ ਜਾਂਦੀ ਹੈ।

ਪੰਜਾਬ ਦੀ ਖੇਤੀਬਾੜੀ ਦਾ ਆਧੁਨੀਕੀਕਰਨ ਕੀਤੇ ਜਾਣ ਨਾਲ ਭਾਰਤ ਵਿਕਾਸ ਦੇ ਅੰਤਰ-ਰਾਸ਼ਟਰੀ ਪੱਧਰ ਵਿਚ ਦਾਖਲ ਹੋ ਗਿਆ, ਅਰਥਾਤ, "ਹਰੀ ਕ੍ਰਾਂਤੀ"। ਪ੍ਰਤਿ ਏਕੜ ਪੈਦਾਵਾਰ ਦਰ ਬਹੁਤ ਜ਼ਿਆਦਾ ਵੱਧ ਗਈ ਅਤੇ ਪੰਜਾਬ ਦੇ ਕਿਸਾਨਾਂ ਨੇ ਸਚਮੁੱਚ ਕੌਮ ਲਈ ਅਨਾਜ ਦੇ ਭੰਡਾਰ ਭਰ ਦਿੱਤੇ। ਅੰਕੜੇ ਦੱਸ ਰਹੇ ਹਨ : ਪੰਜਾਬ ਦਾ ਸਾਰੇ ਵਿਸ਼ਵ ਦਾ 0.0003 ਪ੍ਰਤਿਸ਼ਤ ਮਾਮੂਲੀ ਜਿਹਾ ਇਹ ਰਕਬਾ ਹੈ ਫਿਰ ਵੀ ਇਸ ਦਾ ਸੰਸਾਰ ਦੀ ਪੈਦਾਵਾਰ ਵਿਚ ਕਣਕ ਦਾ ਹਿੱਸਾ 2.27 ਪ੍ਰਤਿਸ਼ਤ ਹੈ, ਚਾਵਲਾਂ ਦਾ 2.04 ਪ੍ਰਤਿਸ਼ਤ ਅਤੇ ਕਪਾਹ ਦਾ 2.05 ਪ੍ਰਤਿਸ਼ਤ ਹਿੱਸਾ ਹੈ।

ਲੇਕਿਨ ਅਨਾਜ ਦੀਆਂ ਸਥਿਰ ਕੀਮਤਾਂ ਨੂੰ ਦੇਖਦਿਆਂ, ਪਤਾ ਲਗਦਾ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਕ੍ਰਾਂਤੀਕਾਰੀ ਮਜ਼ਦੂਰੀ ਬਦਲੇ ਕੀ ਮਿਲਿਆ? ਅੰਕੜਿਆਂ ਅਤੇ ਫਾਰਮੂਲਿਆਂ ਸਹਿਤ ਇਕ ਜਟਿਲ ਆਰਥਿਕ ਵਿਸ਼ਲੇਸ਼ਣ ਤੋਂ ਇਸ ਦਾ ਉੱਤਰ ਤਾਂ ਮਿਲ ਜਾਂਦਾ ਹੈ ਪਰੰਤੂ ਉਹੀ ਸਵਾਲ ਫਿਰ ਉਭਰ ਆਉਂਦਾ ਹੈ ਜੇਕਰ ਕੋਈ ਪੰਜਾਬ ਦੇ ਕਿਸੇ ਪਿੰਡ ਵਿਚ ਦੀ ਗੁਜ਼ਰੇ :

ਨਾਗਰਿਕ-ਸਹੂਲਤਾਂ ਨਾਂ-ਮਾਤਰ ਹੀ ਹਨ : ਜ਼ਿਆਦਾ ਮਹੱਤਵਪੂਰਣ ਗਲੀਆਂ ਨੂੰ ਹੀ ਪੱਕਾ ਕੀਤਾ ਗਿਆ ਹੈ ਅਤੇ ਇਨ੍ਹਾਂ ਦੀਆਂ ਸਾਈਡਾਂ ਤੇ ਪੱਕੀਆਂ ਨਾਲੀਆਂ ਬਣਾਈਆਂ ਗਈਆਂ ਹਨ, ਸਾਫ਼ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੈ, ਕੋਈ ਸੀਵਰੇਜ ਸਿਸਟਮ ਨਹੀਂ ਹੈ। ਵੱਡੇ-ਵੱਡੇ ਜ਼ਿਮੀਂਦਾਰਾਂ ਦੇ ਘਰੀਂ ਵੱਡੇ-ਵੱਡੇ ਗੇਟ ਤਾਂ ਲੱਗੇ ਹੁੰਦੇ ਹਨ ਅਤੇ ਅੰਦਰ ਵੱਡੇ-ਵੱਡੇ ਵਿਹੜੇ ਹੁੰਦੇ ਹਨ ਪਰ ਇਨ੍ਹਾਂ ਵਿਚ "ਆਧੁਨਿਕ ਸਹੂਲਤਾਂ", ਜਿਵੇਂ ਟਰੈਕਟਰ ਅਤੇ ਟਰਾਲੀਆਂ ਅਤੇ ਹੋਰ ਔਜ਼ਾਰ ਅਤੇ ਬਿਜਲੀ ਨਾਲ ਚੱਲਣ ਵਾਲੀਆਂ ਮਧਾਣੀਆਂ ਹੀ ਨਜ਼ਰ ਆਉਣਗੀਆਂ। ਜ਼ਿਆਦਾ ਤੋਂ ਜ਼ਿਆਦਾ ਟੈਲੀਵੀਜ਼ਨ ਦੇਖਣ ਨੂੰ ਮਿਲ

ਸਕਦਾ ਹੈ ਫਰਿੱਜ ਦਾ ਤਾਂ ਕੋਈ ਮਤਲਬ ਹੀ ਨਹੀਂ ਅਤੇ ਰੋਟੀ ਮਿੱਟੀ ਦੇ ਚੁਲ੍ਹੇ ਵਿਚ ਬਾਲਣ ਦੀ ਅੱਗ ਬਾਲ ਕੇ ਬਣਾਈ ਜਾਂਦੀ ਹੈ। ਗਰੀਬ ਜਾਂ ਆਮ ਘਰਾਂ ਵਿਚ ਵੱਧ ਤੋਂ ਵੱਧ ਰੇਡੀਓ ਅਤੇ ਟੇਬਲ ਫੈਨ ਵੇਖਣ ਨੂੰ ਮਿਲ ਜਾਵੇਗਾ। ਸਭ ਤੋਂ ਬੁਰੀ ਹਾਲਤ ਪਿੰਡ ਦੇ ਸਕੂਲ ਦੀ ਹੈ, ਇਨ੍ਹਾਂ ਵਿਚ ਭੀੜ-ਭੜੱਕਾ, ਘੱਟ ਅਧਿਆਪਕ ਅਤੇ ਪੜ੍ਹਾਈ ਪੱਖੋਂ ਇਨ੍ਹਾਂ ਦੀ ਬਹੁਤ ਨਿਘਰੀ ਹਾਲਤ ਹੈ; ਪੜ੍ਹਾਈ, ਚਾਰਟਾਂ ਅਤੇ ਬਲੈਕ ਬੋਰਡਾਂ ਤਕ ਸੀਮਿਤ ਹੈ। ਕੋਈ ਲਾਇਬ੍ਰੇਰੀ ਨਹੀਂ, ਨਾ ਕੋਈ ਪ੍ਰਯੋਗਸ਼ਾਲਾ ਅਤੇ ਨਾ ਹੀ ਖੇਡ ਦਾ ਮੈਦਾਨ।

ਪਿੰਡ ਦੇ ਸਕੂਲ ਦੀ ਨਿੱਘਰੀ ਹੋਈ ਹਾਲਤ ਤੋਂ ਹੀ ਪੰਜਾਬ ਦੇ ਵਿਸ਼ੇਸ਼ ਮਹੱਤਤਾ ਵਾਲੇ ਪਿੰਡ ਦੇ ਰਹਿਣ-ਸਹਿਣ ਦੇ ਦੁਖਦਾਈ ਮਿਆਰ ਦਾ ਸਿਰਫ ਸੰਕੇਤ ਹੀ ਨਹੀਂ ਮਿਲਦਾ, ਇਨ੍ਹਾਂ ਵਿਚ ਬੱਚਿਆਂ ਦੇ ਪਾਲਣ-ਪੋਸ਼ਣ ਦੀ ਹਾਲਤ ਵੀ ਬਹੁਤ ਮਾੜੀ ਹੈ। ਭਾਵੇਂ ਰਾਜ ਸਰਕਾਰ ਨੇ ਪਿੰਡਾਂ ਵਿਚੋਂ ਬੇਰੁਜ਼ਗਾਰੀ ਦੂਰ ਕਰਨ ਲਈ ਬਹੁਤ ਸਾਰੀਆਂ ਸਕੀਮਾਂ ਬਣਾਈਆਂ ਹਨ ਲੇਕਿਨ ਸੱਚਾਈ ਇਹ ਹੈ ਕਿ ਪਿੰਡਾਂ ਦੇ ਬਹੁਤ ਘੱਟ ਨੌਜਵਾਨ ਹਨ ਜਿਹੜੇ ਮੁੱਢਲੀ ਯੋਗਤਾ ਪ੍ਰਾਪਤ ਕਰਦੇ ਹੋਣ, ਫਿਰ ਉਨ੍ਹਾਂ ਨੂੰ ਰੁਜ਼ਗਾਰ ਦਿਵਾਉਣ ਲਈ ਇਨ੍ਹਾਂ ਸਕੀਮਾਂ ਦਾ ਕੀ ਫਾਇਦਾ ਉਹ ਤਾਂ ਛੋਟੀਆਂ ਨੌਕਰੀਆਂ ਲਈ ਵੀ ਸ਼ਹਿਰੀ ਨੌਜਵਾਨਾਂ ਦਾ ਮੁਕਾਬਲਾ ਕਰਨ ਦੇ ਯੋਗ ਨਹੀਂ ਹਨ। 'ਵਧੀਆ' ਨੌਕਰੀਆਂ ਸ਼ਹਿਰਾਂ ਦੀਆਂ ਉੱਚੀਆਂ ਸ਼੍ਰੇਣੀਆਂ ਦੇ ਹਿੱਸੇ ਆਉਂਦੀਆਂ ਹਨ ਕਿਉਂਕਿ ਦਿਹਾਤੀ-ਸ਼ਹਿਰੀ ਅਨੁਪਾਤ 70:30 ਹੈ ਅਤੇ ਇਹ ਸਿੱਖ-ਹਿੰਦੂ ਜਨ-ਸੰਖਿਆ ਵੰਡ ਦੇ ਸੰਭਵ ਤੌਰ ਤੇ ਅਨੁਕੂਲ ਹੈ। ਇਸ ਦਾ ਮਤਲਬ ਇਹ ਹੋਇਆ ਕਿ ਪਿੰਡਾਂ ਦੇ ਸਿੱਖ ਨੌਜਵਾਨ ਤਾਂ ਇਸ ਪੱਖੋਂ ਬਾਹਰ ਹੀ ਨਿਕਲ ਜਾਂਦੇ ਹਨ ਮਤਲਬ ਕਿ ਉਹ ਨੌਕਰੀਆਂ ਤੋਂ ਵਾਂਝੇ ਰਹਿ ਜਾਂਦੇ ਹਨ।

ਜਿਹੜੇ ਕਿਤੇ ਹੋਰ ਥਾਂ ਚਲੇ ਜਾਣ ਦਾ ਉਪਰਾਲਾ ਕਰ ਲੈਂਦੇ ਹਨ ਤਾਂ ਉਨ੍ਹਾਂ ਨੂੰ ਸੜਕ ਰਾਹੀਂ ਜਾਣਾ ਪੈਂਦਾ ਹੈ ਕਿਉਂਕਿ ਪੰਜਾਬ ਨਾਲ ਵਿਤਕਰੇ ਦੀ ਇਕ ਹੋਰ ਮਿਸਾਲ ਨਵੀਂ ਰੇਲ ਲਾਈਨ ਦੀ ਘਾਟ ਹੋਣਾ ਹੈ। ਆਖਰੀ ਲਾਈਨ ਜਿਹੜੀ ਪੰਜਾਬ ਨੂੰ ਪ੍ਰਾਪਤ ਹੋਈ ਉਹੀ ਰੈਡਕਲਿਫ ਲਾਈਨ - ਇਹ ਅਣਵੰਡੇ ਪੰਜਾਬ ਦੇ ਨਕਸ਼ੇ ਤੇ ਇਕ ਬ੍ਰਿਟਿਸ਼ ਅਫ਼ਸਰ ਦੁਆਰਾ ਲਾਲ ਸਿਆਹੀ ਨਾਲ ਖਿੱਚੀ ਇਕ ਟੇਢੀ-ਮੇਢੀ ਲਾਈਨ ਸੀ; ਇਹੀ ਉਹ ਲਾਈਨ ਸੀ ਜਿਸ ਨੇ ਪਾਕਿਸਤਾਨ ਦੀ ਸਿਰਜਣਾ ਕੀਤੀ।

ਦੂਜੇ ਸ਼ਬਦਾਂ ਵਿਚ, ਪੰਜਾਬ ਵਿਚ ਵਾਧੇ ਦੀ 'ਕ੍ਰਾਂਤੀ' ਨਾਲ ਪੰਜਾਬ ਦੇ ਪਿੰਡਾਂ ਦੇ ਲੋਕਾਂ ਦੇ ਰਹਿਣ-ਸਹਿਣ ਤੇ ਕੋਈ ਖ਼ਾਸ ਪ੍ਰਭਾਵ ਨਹੀਂ ਪਿਆ।

ਸੱਚਾਈ ਇਹ ਹੈ ਕਿ ਪੰਜਾਬ ਦੇ ਕਿਸਾਨ ਨੂੰ ਆਪਣੀ ਪੈਦਾਵਾਰ ਲਈ ਸਰਕਾਰ ਦੁਆਰਾ ਤੈਅ ਕੀਤੀਆਂ ਗਈਆਂ ਕੀਮਤਾਂ ਤੇ ਨਿਰਭਰ ਕਰਨਾ ਪੈਂਦਾ ਹੈ। 1995 ਵਿਚ ਕਣਕ ਦੀ ਖ਼ਰੀਦ ਕੀਮਤ 350/- ਰੁਪਏ ਪ੍ਰਤਿ ਕੁਵਿੰਟਲ ਸੀ, ਇਸ ਨਾਲ ਹੋਰ ਵਸਤਾਂ ਦੀਆਂ ਵਧੀਆਂ ਕੀਮਤਾਂ, ਮਜ਼ਦੂਰੀ

ਦੀਆਂ ਕੀਮਤਾਂ ਵਿਚ ਵਾਧਾ, ਔਜ਼ਾਰਾਂ ਅਤੇ ਸਾਂਭ-ਸੰਭਾਲ ਦੇ ਖ਼ਰਚੇ ਵੀ ਪੂਰੇ ਨਹੀਂ ਹੁੰਦੇ। ਜੇਕਰ ਇਸਦਾ 1995 ਵਿਚ ਬਾਹਰੋਂ ਮੰਗਵਾਈ ਗਈ ਕਣਕ ਦੀ ਕੀਮਤ ਨਾਲ ਮੁਕਾਬਲਾ ਕਰੀਏ ਤਾਂ ਇਹ ਕੀਮਤ 1100 ਤੋਂ 1200 ਰੁਪਏ ਪ੍ਰਤਿ ਕੁਵਿੰਟਲ ਹੋਵੇਗੀ।

ਮੁਦਰਾ-ਸਫੀਤੀ ਦਾ ਮੁਕਾਬਲਾ ਕਰਨ ਲਈ, ਕਿਸਾਨ ਨੂੰ ਪੈਦਾਵਾਰ ਵਧਾਉਣ ਲਈ ਜ਼ਮੀਨ ਦੀ ਉਚਿਤ ਨਾਲੋਂ ਵੱਧ ਵਰਤੋਂ ਕਰਨ ਅਤੇ ਵਧੇਰੇ ਰਸਾਇਣਿਕ ਖਾਦਾਂ ਦੀ ਵਰਤੋਂ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ-ਸ਼ਾਸਤਰੀਆਂ ਦੁਆਰਾ ਹਾਲ ਹੀ ਵਿਚ ਕੀਤੇ ਗਏ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਕ ਕਿਸਾਨ ਜਿਸ ਕੋਲ 14 ਏਕੜ ਜਾਂ ਵੱਧ ਜ਼ਮੀਨ ਹੈ, ਕੁਝ ਮੁਨਾਫੇ ਦੀ ਆਸ ਰੱਖ ਸਕਦਾ ਹੈ, ਪਰੰਤੂ ਇਸ ਤੋਂ ਘੱਟ ਵਾਹੀ ਵਾਲਾ ਕਿਸਾਨ ਤਾਂ ਕਰਜ਼ੇ ਥੱਲੇ ਹੀ ਦੱਬਿਆ ਰਹਿੰਦਾ ਹੈ। ਪੰਜਾਬ ਵਿਚ 2 ਪ੍ਰਤਿਸ਼ਤ ਤੋਂ ਵੱਧ ਅਜਿਹੇ ਜ਼ਿਮੀਦਾਰ ਨਹੀਂ ਹਨ ਜਿਨ੍ਹਾਂ ਕੋਲ 14 ਏਕੜ ਤੋਂ ਵੱਧ ਜ਼ਮੀਨ ਹੋਵੇ।

ਪੰਜਾਬ ਦੇ ਕਿਸਾਨ ਕੋਲ ਜ਼ਮੀਨ ਦੀ ਉਚਿਤ ਨਾਲੋਂ ਵੱਧ ਵਰਤੋਂ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ, ਭਾਵੇਂ ਉਸ ਨੂੰ ਪਤਾ ਹੀ ਹੋਵੇ ਕਿ ਉਸ ਨੂੰ ਇਸ ਤਰ੍ਹਾਂ ਕਰਨ ਨਾਲ ਬਾਅਦ ਵਿਚ ਜਾ ਕੇ ਨੁਕਸਾਨ ਹੀ ਉਠਾਉਣਾ ਪਵੇਗਾ। ਸਾਲਾਂ ਬੱਧੀ ਲੁਧਿਆਣਾ ਜ਼ਿਲ੍ਹਾ ਪ੍ਰਤਿ ਏਕੜ ਪੈਦਾਵਾਰ ਵਿਚ ਸੰਸਾਰ ਵਿਚ ਸਭ ਤੋਂ ਅੱਗੇ ਸੀ। ਲੇਕਿਨ ਪਿਛਲੇ ਸਾਲਾਂ ਤੋਂ ਧਰਤੀ ਦੇ ਘੱਟ ਉਪਜਾਊ ਰਹਿ ਜਾਣ ਕਾਰਣ ਇਸ ਦੀ ਪੰਜਾਬ ਅੰਦਰ ਤੀਜੀ ਪੁਜ਼ੀਸ਼ਨ ਰਹਿ ਗਈ ਹੈ। ਸਾਰੇ ਪੰਜਾਬ ਵਿਚ ਸੰਘਣੀ ਖੇਤੀ ਕਰਨ ਤੋਂ ਲੁਧਿਆਣਾ ਦਾ ਤਜ਼ਰਬਾ ਬਹੁਤ ਮਾੜਾ ਹੋਇਆ ਹੈ।

ਜੇਕਰ ਕੋਈ ਕਿਸਾਨ ਮੁਨਾਫਾ ਕਮਾਉਣ ਦੀ ਸ਼੍ਰੇਣੀ ਵਿਚ ਅੱਗੇ ਆਉਣ ਦੇ ਆਸ਼ੇ ਨਾਲ ਵੱਧ ਜ਼ਮੀਨ ਖਰੀਦਣ ਲਈ ਪੈਸਾ ਖਰਚ ਸਕਦਾ ਹੈ ਤਾਂ ਜ਼ਮੀਨ ਦੀ ਸੀਲਿੰਗ ਦਾ ਕਾਨੂੰਨ ਅੱਗੇ ਆ ਜਾਂਦਾ ਹੈ। ਇਕ ਸਨਅੱਤਕਾਰ ਜਿੰਨੀਆਂ ਮਰਜ਼ੀ ਫੈਕਟਰੀਆਂ ਖਰੀਦ ਸਕਦਾ ਹੈ ਉਸ ਤੇ ਜ਼ਮੀਨ ਅਤੇ ਸ਼ਹਿਰੀ ਸੰਪਤੀ ਖਰੀਦਣ ਤੇ ਕੋਈ ਪਾਬੰਦੀ ਨਹੀਂ ਹੈ ਪਰੰਤੂ ਕੋਈ ਵੀ ਕਿਸਾਨ ਕਾਨੂੰਨੀ ਤੌਰ ਤੇ 18 ਏਕੜਾਂ ਤੋਂ ਵੱਧ ਜ਼ਮੀਨ ਨਹੀਂ ਰੱਖ ਸਕਦਾ ਜਾਂ 12 ਏਕੜਾਂ ਤੋਂ ਵੱਧ ਹੋਰ ਜ਼ਮੀਨ ਨਹੀਂ ਖਰੀਦ ਸਕਦਾ। ਜਦੋਂ ਕੋਈ ਸੋਚਦਾ ਹੈ ਕਿ ਪੰਜਾਬ ਦੀ 70 ਪ੍ਰਤਿਸ਼ਤ ਵਸੋਂ ਦਿਹਾਤ ਵਿਚ ਰਹਿਣ ਵਾਲੀ ਹੈ ਅਤੇ ਇਹ ਜਨਤਾ ਲਗਭਗ ਸਿੱਖ ਹੀ ਹਨ, ਤਾਂ ਜ਼ਮੀਨ ਦੀ ਹੱਦਬੰਦੀ ਦਾ ਕਾਨੂੰਨ ਬਹੁਤ ਜ਼ਿਆਦਾ ਵਿਤਕਰੇ ਵਾਲਾ ਜਾਪਦਾ ਹੈ।

ਵੱਧ ਤੋਂ ਵੱਧ ਜ਼ਮੀਨ ਵਾਹੀ ਹੇਠਾਂ ਲਿਆਉਣ ਦੀ ਲਾਲਸਾ ਨਾਲ ਦਰੱਖ਼ਤਾਂ ਵਾਲਾ ਰਕਬਾ ਬਹੁਤ ਜ਼ਿਆਦਾ ਘੱਟ ਗਿਆ ਅਤੇ ਰਾਜ ਨੂੰ ਜੰਗਲਾਤ ਵਾਸਤੇ ਕੇਂਦਰੀ ਇਮਦਾਦ ਘੱਟ ਗਈ - ਹਿਮਾਚਲ ਜਾਂ ਹਰਿਆਣੇ ਤੋਂ ਕਿਤੇ

ਜ਼ਿਆਦਾ ਘੱਟ। ਮਿੱਟੀ ਨੂੰ ਹੋਰ ਉਪਜਾਊ ਬਣਾਉਣ ਲਈ ਫਸਲਾਂ ਨੂੰ ਬਦਲ-ਬਦਲ ਕੇ ਬੀਜਣ ਬਾਰੇ ਕਾਫੀ ਚਰਚਾ ਸੁਣੀ ਜਾਂਦੀ ਹੈ ਲੇਕਿਨ ਅਸਲ ਸੱਚਾਈ ਇਹ ਹੈ ਕਿ ਕਿਸਾਨਾਂ ਨੂੰ ਬਾਗਬਾਨੀ ਦਾ ਕਿੱਤਾ ਅਪਣਾਉਣ ਲਈ ਪੇਸ਼ ਕੀਤੀਆਂ ਗਈਆਂ ਸਕੀਮਾਂ ਵਿਚੋਂ ਕੋਈ ਵੀ ਕਾਮਯਾਬ ਸਾਬਤ ਨਹੀਂ ਹੋਈ ਜਿਸਦਾ ਸਪੱਸ਼ਟ ਮੂਲ ਕਾਰਣ ਇਹ ਹੈ ਕਿ ਕੀਮਤ ਨਿਅੰਤ੍ਰਣ ਪ੍ਰਣਾਲੀ ਕਿਸਾਨਾਂ ਨੂੰ ਧਾਨ-ਕਣਕ ਉਗਾਉਣ ਲਈ ਮਜਬੂਰ ਕਰਦੀ ਹੈ। ਜਿਨ੍ਹਾਂ ਕਿਸਾਨਾਂ ਨੇ ਬਾਗਬਾਨੀ ਦਾ ਤਜ਼ਰਬਾ ਕੀਤਾ, ਉਨ੍ਹਾਂ ਨੇ ਭਾਰੀ ਨੁਕਸਾਨ ਉਠਾਇਆ।

ਬਠਿੰਡੇ ਦੇ ਕਿਸਾਨਾਂ ਨੂੰ ਅੰਗੂਰਾਂ ਦੀ ਫ਼ਸਲ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਨੇ ਇਹ ਫ਼ਸਲ ਉਗਾਈ ਪਰੰਤੂ ਉਨ੍ਹਾਂ ਨੂੰ ਅੰਗੂਰਾਂ ਦੀ ਵਿਕਰੀ ਕਰਨ ਲਈ ਢੁਕਵੀਂ ਥਾਂ ਨਹੀਂ ਮਿਲੀ। ਇਹੋ ਹਾਲ ਅਬੋਹਰ ਵਿਚ ਕਿੰਨੂ ਪੈਦਾ ਕਰਨ ਵਾਲਿਆਂ ਦਾ ਹੋਇਆ ਅਤੇ ਇਹੋ ਕੁਝ ਫਿਰੋਜ਼ਪੁਰ ਦੇ ਇਲਾਕੇ ਵਿਚ ਟਮਾਟਰਾਂ ਦੀ ਫ਼ਸਲ ਉਗਾਉਣ ਵਾਲਿਆਂ ਨਾਲ ਬੀਤਿਆ।

ਪੰਜਾਬ ਵਿਚ ਵੱਡੇ ਉਦਯੋਗ ਸਥਾਪਿਤ ਕੀਤੇ ਜਾਣ ਤੋਂ ਇਸ ਦਲੀਲ ਤੇ ਇਨਕਾਰ ਕੀਤਾ ਗਿਆ ਕਿ ਇਹ ਸਰਹੱਦੀ ਸੂਬਾ ਹੈ। ਜਦੋਂ ਉਦਯੋਗ ਵਿਚ ਪ੍ਰਤਿ ਵਿਅਕਤੀ ਪੂੰਜੀ ਨਿਵੇਸ਼ ਕਰਨ ਦੀ ਸੂਚੀ ਤਿਆਰ ਕੀਤੀ ਜਾਂਦੀ ਹੈ ਤਾਂ ਪੰਜਾਬ ਲਗਭਗ ਆਖੀਰ ਤੇ ਹੁੰਦਾ ਹੈ।

ਇਕ ਸਮੇਂ ਕੇਂਦਰ ਨੇ ਇਸੇ ਵਜ੍ਹਾ ਕਰਕੇ ਆਸਾਮ ਵਿਚ ਉਦਯੋਗ ਲਗਾਉਣ ਤੋਂ ਨਾਂਹ ਕੀਤੀ ਸੀ। ਆਸਾਮ ਨੇ ਗੁਹਾਟੀ ਵਿਖੇ ਇਕ ਤੇਲ ਸੋਧਕ ਕਾਰਖਾਨਾ (ਰਿਫਾਇਨਰੀ) ਲਗਾਉਣ ਦੀ ਮੰਗ ਕੀਤੀ ਸੀ ਪਰੰਤੂ ਨਹਿਰੂ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਆਸਾਮ ਤੇ ਯੁੱਧ ਦੀ ਸੂਰਤ ਵਿਚ ਆਸਾਨੀ ਨਾਲ ਹਮਲਾ ਹੋ ਸਕਦਾ ਹੈ। ਇਸ ਤੋਂ, ਉਸ ਵੇਲੇ ਦੇ ਮੁੱਖ ਮੰਤਰੀ ਨੇ ਰੋਹ ਵਿਚ ਆ ਕੇ ਉੱਤਰ ਦਿੱਤਾ : "ਜੇਕਰ ਭਾਰਤ ਆਸਾਮ ਦੀ ਰੱਖਿਆ ਨਹੀਂ ਕਰ ਸਕਦਾ ਤਾਂ ਫਿਰ ਆਸਾਮ ਨੂੰ ਭਾਰਤ ਵਿਚ ਕਿਉਂ ਰਖਿਆ ਹੈ?" ਸਿੱਟਾ ਇਹ ਹੋਇਆ ਕਿ ਆਸਾਮ ਨੂੰ ਆਪਣੀ ਰਿਫਾਇਨਰੀ ਮਿਲ ਗਈ।

ਆਧੁਨਿਕ ਹਥਿਆਰਾਂ ਦੇ ਅੱਜ ਦੇ ਜ਼ਮਾਨੇ ਵਿਚ ਇਸ "ਕਮਜ਼ੋਰ" ਦਲੀਲ ਦੀ ਕੋਈ ਥਾਂ ਨਹੀਂ ਹੈ। ਪਾਕਿਸਤਾਨ ਦੇ ਐਫ-16 ਜਹਾਜ਼ 20 ਮਿੰਟਾਂ ਤੋਂ ਘੱਟ ਸਮੇਂ ਵਿਚ ਦਿੱਲੀ ਤਕ ਬੰਬਾਂ ਦੀ ਬੁਛਾੜ ਕਰ ਸਕਦੇ ਹਨ। ਇਸ ਕਰਕੇ ਅਜ ਕਿਹੜੀ ਥਾਂ ਸੁਰੱਖਿਅਤ ਹੈ ?

ਪਰੰਤੂ ਪੰਜਾਬ ਵਿਚ ਛੋਟੇ ਅਤੇ ਦਰਮਿਆਨੇ ਪੈਮਾਨੇ ਦੇ ਕਾਰਖਾਨੇ ਲਗਾਉਣ ਦੀ ਆਗਿਆ ਵੀ ਨਹੀਂ ਦਿੱਤੀ ਜਾਂਦੀ। ਬਹੁਤ ਚਿਰ ਤੋਂ ਪੰਜਾਬ ਵਿਚ ਕਟਾਈ ਕਰਨ ਵਾਲੀਆਂ ਕੰਬਾਈਨਾਂ ਬਣਾਉਣ ਲਈ ਕਿਸੇ ਨਿਰਮਾਤਾ ਨੂੰ ਲਾਈਸੈਂਸ ਨਹੀਂ ਦਿੱਤਾ ਗਿਆ ਕਿਉਂਕਿ ਇਸ ਨਾਲ ਰਾਜ ਅੰਦਰ ਮਜ਼ਦੂਰਾਂ ਦੀ ਆਮਦ ਘਟੇਗੀ ਜਿਹੜੇ ਕਿ ਜ਼ਿਆਦਾਤਰ ਦੂਜੇ ਰਾਜਾਂ ਤੋਂ ਆਉਂਦੇ ਹਨ। ਇਸੇ ਹੀ ਕਾਰਣ, ਝੋਨਾ ਲਗਾਉਣ ਵਾਲੀਆਂ ਮਸ਼ੀਨਾਂ ਤਿਆਰ ਕਰਨ ਨੂੰ ਵੀ

ਘੱਟ ਉਤਸ਼ਾਹ ਦਿੱਤਾ ਗਿਆ।

ਐਗਰੋ-ਇੰਡਸਟਰੀ ਜ਼ਿਆਦਾਤਰ ਕਾਗਜ਼ਾਂ ਵਿਚ ਹੀ ਹੈ। 1977-78 ਦੌਰਾਨ ਵਪਾਰਕ ਫਸਲਾਂ ਦੀ ਪੈਦਾਵਾਰ ਦੇ ਮਾਮਲੇ ਵਿਚ ਪੰਜਾਬ ਦੇਸ਼ ਵਿਚ ਦਸਵੀਂ ਪੁਜ਼ੀਸ਼ਨ ਤੇ ਰਹਿ ਗਿਆ ਹੈ ਜੋ ਕਿ ਸਿਰਫ 2.8 ਪ੍ਰਤਿਸ਼ਤ ਹੈ। ਪੰਜਾਬ ਭਾਰਤ ਦੀ 22 ਪ੍ਰਤਿਸ਼ਤ ਕਪਾਹ ਉਗਾਉਂਦਾ ਹੈ, ਪਰੰਤੂ ਇਹ ਕਤਾਈ ਅਤੇ ਬੁਣਾਈ 3.3 ਪ੍ਰਤਿਸ਼ਤ ਹੀ ਕਰਦਾ ਹੈ। ਪੰਜਾਬ ਸਾਰੇ ਦੇਸ਼ ਦੀ ਕੁਲ ਪੈਦਾਵਾਰ ਦੀ 30 ਪ੍ਰਤਿਸ਼ਤ ਚੀਨੀ ਪੈਦਾ ਕਰਦਾ ਹੈ ਪਰੰਤੂ ਮਿੱਲਾਂ ਦੀ ਸਮਰੱਥਾ ਦੀ ਕਮੀ ਕਾਰਣ ਕਿਸਾਨ ਮਿੱਲਾਂ ਨੂੰ ਆਪਣੀ ਫਸਲ ਦਾ ਕੇਵਲ 13 ਪ੍ਰਤਿਸ਼ਤ ਹੀ ਵੇਚ ਸਕਦਾ ਹੈ।

ਆਈ. ਕੇ. ਜੁਗਰਾਲ (ਜੋ ਉਦੋਂ ਭਾਰਤ ਦੇ ਪ੍ਰਧਾਨ ਮੰਤਰੀ ਸਨ) ਨੇ ਇਸ ਗੱਲ ਦਾ ਸੰਕੇਤ ਦਿੱਤਾ : "ਕਿ ਪੰਜਾਬ ਦੇ ਲੋਕਾਂ ਦਾ ਰੋਸ ਹੈ ਕਿ ਪੈਦਾਵਾਰ ਅਸੀਂ ਕਰੀਏ, ਫਾਇਦਾ ਕੋਈ ਹੋਰ ਲੈ ਜਾਵੇ।"

ਰਾਜਾਂ ਨੂੰ ਕੇਂਦਰੀ ਸਹਾਇਤਾ ਵੀ. ਐਨ. ਗਾਡਗਿਲ, ਜਦੋਂ ਉਹ ਯੋਜਨਾ ਕਮਿਸ਼ਨ ਦੇ ਚੇਅਰਮੈਨ ਸਨ, ਦੁਆਰਾ ਕਈ ਦਹਾਕੇ ਪਹਿਲਾਂ ਤੈਅ ਕੀਤੇ ਗਏ ਫਾਰਮੂਲੇ ਦੇ ਆਧਾਰ ਤੇ ਨਿਰਧਾਰਤ ਕੀਤੀ ਜਾਂਦੀ ਹੈ। ਇਸ ਸਿੱਧਾਂਤ ਅਨੁਸਾਰ, ਪੰਜਾਬ ਨੇ ਕੇਂਦਰ ਨੂੰ ਦਿੱਤੇ ਹਰੇਕ ਰੁਪਏ ਬਦਲੇ 15 ਪੈਸੇ ਪ੍ਰਾਪਤ ਕੀਤੇ - ਇਹ ਦੇਸ਼ ਵਿਚ ਸਭ ਤੋਂ ਘੱਟ ਹੈ। ਲੇਕਿਨ ਜਦ ਤਕ 1980 ਵਿਚ ਪੰਜਾਬ ਸਿਰ ਕਰਜ਼ੇ ਦਾ ਬੋਝ 703 ਕਰੋੜ ਤੋਂ 5640 ਕਰੋੜ ਤਕ ਵੱਧ ਗਿਆ। (ਇਹ 1994 ਵਿਚ 6500 ਕਰੋੜ ਹੋ ਗਿਆ ਅਤੇ 1997 ਵਿਚ 8500 ਕਰੋੜ ਹੋ ਗਿਆ।)

ਜੇਕਰ ਪੰਜਾਬ ਵਿੱਤੀ ਤੌਰ ਤੇ ਖ਼ੁਦਮੁਖ਼ਤਿਆਰ ਹੁੰਦਾ ਤਾਂ ਪੰਜਾਬ ਨੂੰ ਸਾਲਾਨਾ ਹਜ਼ਾਰਾਂ ਕਰੋੜ ਰੁਪਏ ਦਾ ਲਾਭ ਹੁੰਦਾ ਅਤੇ ਇਸ ਨਾਲ ਪੰਜਾਬ ਦੀ ਬਹੁਤ ਜ਼ਿਆਦਾ ਭਲਾਈ ਹੋ ਸਕਦੀ ਸੀ।

*ਪੰਜਾਬੀ ਸਮੱਸਿਆ ਜਾਂ ਸਿੱਖ ਸਮੱਸਿਆ ?*

ਬਲਿਊਸਟਾਰ ਓਪਰੇਸ਼ਨ ਤੋਂ ਪਹਿਲਾਂ ਇਥੇ ਉਹ ਲੋਕ ਸਨ ਜਿਨ੍ਹਾਂ ਨੇ ਸਿੱਖਾਂ ਨਾਲ ਹੋਏ ਅਨਿਆਂ ਤੋਂ ਗੜਬੜੀ ਵਲੋਂ ਧਿਆਨ ਹਟਾ ਕੇ ਪੰਜਾਬੀਆਂ ਨਾਲ ਹੋਏ ਅਨਿਆਂ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ। ਵਿਤਕਰੇ, ਦੁਸ਼ਮਣੀ ਅਤੇ ਧੋਖਾਧੜ੍ਹੀ ਦੇ ਪੰਜ ਦਹਾਕਿਆਂ ਦੇ ਬਹੁਤ ਵੱਡੇ ਸਬੂਤ ਦੇ ਤਜ਼ਰਬੇ ਤੋਂ ਕੁਝ ਲੋਕਾਂ ਨੇ ਕਿਹਾ : "ਹਾਂ, ਮਾੜਾ ਸਲੂਕ ਹੁੰਦਾ ਹੈ - ਪਰੰਤੂ ਇਹ ਮਾੜਾ ਸਲੂਕ ਹਿੰਦੂਆਂ ਨਾਲ ਹੁੰਦਾ ਹੈ ਜਿਹੜੇ ਸਿੱਖਾਂ ਨਾਲੋਂ ਘੱਟ ਨਹੀਂ ਹਨ। ਸਮੱਸਿਆ ਸਿੱਖ ਸਮੱਸਿਆ ਨਹੀਂ ਹੈ ਪਰੰਤੂ ਇਕ ਸਾਰੇ ਪੰਜਾਬੀਆਂ ਦੀ ਸਮੱਸਿਆ ਹੈ।"

"ਪੰਜਾਬੀਅਤ" ਦਾ ਨਾਅਰਾ ਸਾਰੇ ਕਿਸਮ ਦੇ ਲੋਕਾਂ ਨੇ ਲਾਇਆ

ਪਰੰਤੂ ਇਹ ਸੱਚਾਈ ਨਹੀਂ ਸੀ। ਇਹ ਇਸ ਕਰਕੇ ਸੱਚਾਈ ਨਹੀਂ ਸੀ ਕਿਉਂਕਿ "ਪੰਜਾਬੀਅਤ" ਦਾ ਨੁਕਸਾਨ ਨਹੀਂ ਹੋ ਰਿਹਾ ਸੀ, ਨੁਕਸਾਨ "ਸਿੱਖ ਕੌਮ" ਦਾ ਹੋ ਰਿਹਾ ਸੀ।

[ਨੋਟ : ਜਿਨ੍ਹਾਂ ਨੇ "ਪੰਜਾਬੀਅਤ" ਲਈ ਜ਼ਿਆਦਾ ਰੌਲਾ ਪਾਇਆ ਉਨ੍ਹਾਂ ਵਿਚੋਂ ਇਕ ਸੀ **ਟ੍ਰਿਬਿਊਨ** ਦਾ ਐਡੀਟਰ ਪ੍ਰੇਮ ਭਾਟੀਆ (ਇਹ ਉਹ ਆਦਮੀ ਸੀ ਜਿਹੜਾ ਇਕ ਨੌਜਵਾਨ ਰਿਪੋਰਟਰ ਵਜੋਂ ਆਜ਼ਾਦੀ ਤੋਂ ਪਹਿਲਾਂ ਤੋਂ ਹੀ ਇਸ ਅਦਾਰੇ ਦੇ ਸਹੀ ਪੱਖ ਵਲ ਰਹਿਣ ਲਈ ਸਾਵਧਾਨ ਰਿਹਾ ਸੀ।

ਵਾਮ-ਪੰਥੀ (ਲੈਫ਼ਟ) ਵੀ "ਪੰਜਾਬੀਅਤ" ਤੇ ਮਜ਼ਬੂਤ ਸਨ (ਦੇਖੋ ਭਾਗ - ਵਿਜੀਲੈਂਟਸ)]

"**ਟਰਾਈਸਟ ਵਿਦ ਟੈਰਰ**" ਭਾਗ ਵਿਚ ਵੀ. ਐਨ. ਨਾਰਾਇਣਨ ਉਸ ਸਮੇਂ ਦੇ ਪ੍ਰਧਾਨ ਮੰਤਰੀ, ਰਾਜੀਵ ਗਾਂਧੀ ਦੇ ਤਿੰਨ ਸਲਾਹਕਾਰਾਂ ਨਾਲ ਹੋਈ ਭੇਂਟ-ਵਾਰਤਾ ਸਬੰਧੀ ਦੱਸਦਾ ਹੈ :

"ਪ੍ਰਧਾਨ ਮੰਤਰੀ ਦੇ ਸਰਕਾਰੀ ਸਲਾਹਕਾਰ ਮੈਨੂੰ ਮਿਲੇ ਅਤੇ ਸਾਡੀ ਸਦਭਾਵਨਾ ਵਿਚ ਗੱਲਬਾਤ ਹੋਈ। ਜਲਦੀ ਹੀ ਇਹ ਸਪੱਸ਼ਟ ਹੋ ਗਿਆ ਕਿ ਉਨ੍ਹਾਂ ਦੇ ਇਸ ਮਾਮਲੇ ਬਾਰੇ ਬੜੇ ਨਿਸ਼ਚਿਤ ਵਿਚਾਰ ਸਨ। ਉਨ੍ਹਾਂ ਵਿਚੋਂ ਇਕ ਨੇ ਕਿਹਾ : ਕਿ 'ਪੰਜਾਬ ਸਮੱਸਿਆ ਦਾ ਵਿਸ਼ਲੇਸ਼ਣ ਕਰਨ ਵਾਲੇ ਲੋਕ ਇਕ ਬੁਨਿਆਦੀ ਇਤਿਹਾਸਕ ਤੱਥ ਨੂੰ ਜਾਣ-ਬੁੱਝ ਕੇ ਛੁਪਾਉਂਦੇ ਹਨ ਜਾਂ ਲਾਪਰਵਾਹੀ ਨਾਲ ਨਜ਼ਰ-ਅੰਦਾਜ਼ ਕਰਦੇ ਹਨ : ਸਿੱਖ ਵੱਖਵਾਦ ... ਉਨ੍ਹਾਂ ਦੀ ਸਿਆਸਤ, ਵੱਖਵਾਦ ਦੀ ਹੋਂਦ ਤੇ ਅਧਾਰਿਤ ਹੈ ... ਸਰਕਾਰ ਜੋ ਕੁਝ ਕਰਦੀ ਹੈ ਸਿੱਖ ਭਾਈਚਾਰਾ ਉਸ ਤੋਂ ਖ਼ੁਸ਼ ਨਹੀਂ ਹੈ। ਮੈਨੂੰ ਦੱਸਿਆ ਗਿਆ ਹੈ ਕਿ ਦੋਵੇਂ, 1984 ਵਿਚ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਹੁਣ ਇਸ ਗੱਲ ਤੋਂ ਸੰਤੁਸ਼ਟ ਹਨ ਕਿ ਸਿੱਖਾਂ ਦੀਆਂ ਮੰਗਾਂ ਮੰਨਣ ਨਾਲ ਸ਼ਾਂਤੀ ਨਹੀਂ ਆਵੇਗੀ ਜਾਂ ਕਿਸੇ ਸਮੱਸਿਆ ਦਾ ਹਲ ਨਹੀਂ ਹੋਵੇਗਾ ਅਤੇ ਉਹ ਇਕ ਤੋਂ ਬਾਅਦ ਇਕ ਮੰਗ ਉਠਾਉਂਦੇ ਰਹਿਣਗੇ।'

ਕੀ ਇਹੀ ਸਭ ਕੁਝ ਨਹੀਂ ਜੋ ਲੋਕਤੰਤਰ ਦੱਸਦਾ ਹੈ - ਜਦੋਂ ਸੱਤਾ ਤੋਂ ਬਾਹਰ ਹੋਵੋ ਮੰਗਾਂ ਕਰੋ ? ਮੈਂ ਕਿਹਾ।

'ਸਾਡੇ ਕੋਲ ਉਨ੍ਹਾਂ ਨੂੰ ਇਹ ਸਮਝਾਉਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਹੈ ਕਿ ਸਭ ਗੱਲਾਂ ਵਿਚ ਉਨ੍ਹਾਂ ਦੀ ਮਨ-ਮਰਜ਼ੀ ਨਹੀਂ ਚੱਲੇਗੀ।'

ਤਾਂ ਅਸੀਂ ਕੀ ਕਰਦੇ ਹਾਂ ? ਉਨ੍ਹਾਂ ਨੂੰ ਕੁੱਟ ਘਤਦੇ ਹਾਂ ? - ਮੈਂ ਬੋਲਿਆ।

ਕੋਈ ਉੱਤਰ ਨਹੀਂ ...

ਮੈਂ ਭੈ-ਭੀਤ ਹੋ ਗਿਆ ਕਿ ਪ੍ਰਧਾਨ ਮੰਤਰੀ ਦੇ ਸਲਾਹਕਾਰ ਸਿੱਖ ਵੱਖ-ਵਾਦ, ਜੋ ਕਿ ਅਲਹਿਦਗੀ ਦੀ ਦਹਿਲੀਜ਼ ਹੈ, ਬਾਰੇ ਆਪਣੇ ਆਪ ਨੂੰ ਏਨੇ ਨਿਸ਼ਚਿਤ ਕਰੀ ਬੈਠੇ ਹਨ। ਇਸ ਤੋਂ ਮੈਨੂੰ ਦੁੱਖ ਹੋਇਆ ਕਿ ਇਹ

ਵਿਚਾਰ ਵਿਵੇਕਹੀਣ ਸਿਆਸਤਦਾਨਾਂ ਦੇ ਨਹੀਂ ਹਨ ਬਲਕਿ ਉਨ੍ਹਾਂ ਵਿਦਵਾਨ ਅਫ਼ਸਰਾਂ ਦੇ ਹਨ ਜੋ ਤਜ਼ਰਬੇਕਾਰ ਹੁੰਦੇ ਹਨ ਅਤੇ ਰਾਜਨੀਤਕ ਪ੍ਰਕਿਰਿਆ ਤੇ ਕੜ੍ਹੀ ਨਿਗ੍ਹਾ ਰਖਦੇ ਹਨ।"

ਪਰੰਤੂ ਪ੍ਰਧਾਨ ਮੰਤਰੀ ਦੇ ਸਲਾਹਕਾਰ ਨਾਰਾਇਣਨ ਨਾਲੋਂ ਮਾਮਲੇ ਦੀ ਡੂੰਘਾਈ ਬਾਰੇ ਸ਼ਾਇਦ ਜ਼ਿਆਦਾ ਵਾਕਫ਼ ਸਨ। ਜੇਕਰ ਪੰਜਾਬ ਇਕ ਸਲੀਬ ਹੈ, ਤਾਂ ਕੇਵਲ ਸਿੱਖ ਹੀ ਇਸ ਨੂੰ ਉਠਾਉਣ ਲਈ ਤਿਆਰ ਹਨ।

ਪੰਜਾਬ ਦੇ ਮਾਮਲਿਆਂ ਲਈ ਪ੍ਰਧਾਨ ਮੰਤਰੀ ਦੁਆਰਾ ਬਣਾਈ ਗਈ ਸਿਲੈਕਟ ਕਮੇਟੀ (ਜਿਸ ਵਿਚ ਪ੍ਰਧਾਨ ਮੰਤਰੀ ਸਮੇਤ ਗ੍ਰਿਹ ਮੰਤਰੀ ਪੀ. ਚਿਦੰਬਰਮ ਵੀ ਸਨ) ਵਿਚ ਇਕ ਸੀਨੀਅਰ ਪੁਲਿਸ ਅਫ਼ਸਰ ਵੇਦ ਮਰਵਾਹ ਨੇ ਆਪਣੀ ਪੁਸਤਕ "**ਅਨਸਿਵਿਲ ਵਾਰਜ਼**" ਵਿਚ ਲਿਖਿਆ ਹੈ ਕਿ ਬਲਿਊਸਟਾਰ ਓਪਰੇਸ਼ਨ ਤੋਂ ਬਾਅਦ ਬਹੁਤ ਸਾਰੇ ਸਿੱਖਾਂ ਨੇ ਵੱਖਵਾਦ ਦਾ ਸਮੱਰਥਨ ਕੀਤਾ ਸੀ। ਉਸ ਨੇ ਅਤੇ ਸਿਲੈਕਟ ਕਮੇਟੀ ਦੇ ਹੋਰਨਾਂ ਮੈਂਬਰਾਂ ਨੇ ਦੇਖਿਆ ਕਿ ਪੰਜਾਬ ਸਮੱਸਿਆ ਸਿਰਫ਼ ਸਿੱਖਾਂ ਦੀ ਸਮੱਸਿਆ ਹੈ।

ਹਰਿਆਣੇ ਵਿਚ ਹਿੰਦੂਵਾਦ ਦਾ ਬੋਲਬਾਲਾ ਹੈ ਅਤੇ ਸਿੱਖਾਂ ਵਿਚ ਪੰਜਾਬੀ ਪ੍ਰਧਾਨ ਹੈ। 1966 ਵਿਚ ਪੁਰਾਣੇ ਪੰਜਾਬ ਵਿਚੋਂ ਹਰਿਆਣਾ ਰਾਜ ਬਣਾਏ ਜਾਣ ਤੋਂ ਬਾਅਦ, ਉਸ ਵਿਚ ਤਕਰੀਬਨ 35 ਪ੍ਰਤਿਸ਼ਤ ਪੰਜਾਬੀ ਸਨ: ਹਿੰਦੂ (ਮੋਟੇ ਅੰਦਾਜ਼ੇ ਨਾਲ 22 ਪ੍ਰਤਿਸ਼ਤ) ਅਤੇ ਸਿੱਖ (13 ਪ੍ਰਤਿਸ਼ਤ)। ਹਰਿਆਣੇ ਵਿਚ ਪੰਜਾਬੀ ਬੋਲਣ ਵਾਲੀ ਤੀਜਾ ਹਿੱਸਾ ਜਨ-ਸੰਖਿਆ ਦੇ ਬਾਵਜੂਦ ਵੀ, ਇਸ ਰਾਜ ਦੀ ਸਰਕਾਰੀ ਤੌਰ ਤੇ ਦੂਜੀ ਭਾਸ਼ਾ ਤੈਲਗੂ ਹੈ, ਜੋ ਕਿ ਇਕ ਦਰਾਵਿੜੀਅਨ ਭਾਸ਼ਾ ਹੈ ਜਿਸ ਦਾ ਉਤਕੇਂਦਰ ਆਂਧਰਾ ਪ੍ਰਦੇਸ਼ ਹੈ, ਜਿਹੜੀ ਸਟੇਟ ਵਿੰਧਿਆਂਚਲ ਪਹਾੜਾਂ ਵਿਚ ਦੱਖਣ ਤੋਂ ਇਕ ਹਜ਼ਾਰ ਮੀਲ ਤੋਂ ਵੱਧ ਦੂਰੀ ਤੇ ਹੈ। ਹਰਿਆਣੇ ਦੇ 0.01 ਪ੍ਰਤਿਸ਼ਤ ਤੋਂ ਵੀ ਘੱਟ ਲੋਕ ਤੈਲਗੂ ਭਾਸ਼ਾ ਜਾਣਦੇ ਹਨ।

ਹਰਿਆਣੇ ਵਿਚ ਰਹਿ ਰਹੇ ਦੋਵੇਂ, ਪੰਜਾਬੀ ਬੋਲਦੇ ਹਿੰਦੂਆਂ ਅਤੇ ਸਿੱਖਾਂ ਨੇ ਕਈ ਸਾਲ ਉੱਨਤੀ ਕੀਤੀ। ਪੰਜਾਬੀ ਬੋਲਦੇ ਹਿੰਦੂ ਪਹਿਲਾਂ ਤਾਂ ਉਥੋਂ ਦੇ ਸਭਿਆਚਾਰ ਨਾਲ ਚੰਗੀ ਤਰ੍ਹਾਂ ਇਕ-ਮਿੱਕ ਹੋ ਗਏ। ਲੇਕਿਨ ਜਿਉਂ ਜਿਉਂ ਉਹ ਅੱਗੇ ਵੱਧਣ ਲੱਗੇ ਅਤੇ ਉਥੇ ਆਪਣੇ ਪੈਰ ਜਮਾਉਣ ਲੱਗੇ, ਤਾਂ ਹਰਿਆਣਾ ਦੀ ਸਿਆਸਤ ਨੇ ਉਨ੍ਹਾਂ ਲਈ ਇਹ ਅਸੰਭਵ ਬਣਾ ਦਿੱਤਾ। ਕੇਵਲ ਹਾਲ ਹੀ 1994 ਅਤੇ 1995 ਵਿਚ, ਉਨ੍ਹਾਂ ਨੇ "ਪੰਜਾਬੀ ਪੈਂਤੜੇਬਾਜ਼ੀ" ਦੀ ਕੋਸ਼ਿਸ਼ ਕਰਨੀ ਸ਼ੁਰੂ ਕੀਤੀ - ਅਰਥਾਤ ਆਪਣੀ ਭਾਸ਼ਾ ਅਤੇ ਵੱਖਰੀ ਹੋਂਦ ਦੇ ਆਧਾਰ ਤੇ ਸਿਆਸਤ ਵਿਚ ਮਾਮੂਲੀ ਜਿਹਾ ਪੈਰ ਰੱਖਣ ਦੀ ਕੋਸ਼ਿਸ਼ ਕੀਤੀ। ਹਿੰਦੂ ਪੰਜਾਬੀ ਦੀ ਕੋਈ ਕਦਰ ਨਹੀਂ ਕਰਦੇ, ਉਹ ਤਾਂ ਇਸ ਨੂੰ ਇਕ ਹਥਿਆਰ ਵਜੋਂ ਵਰਤਦੇ ਹਨ - ਜਦੋਂ ਇਸ ਦਾ ਕੋਈ ਫਾਇਦਾ ਲੈਣਾ ਹੋਵੇ ਤਾਂ ਫਿਰ

ਦਾਅਵਾ ਕਰਨਗੇ ਕਿ ਅਸੀਂ ਪੰਜਾਬੀ ਹਾਂ (ਜਿਵੇਂ ਹਰਿਆਣੇ ਵਿਚ) ਅਤੇ ਜਦੋਂ ਨੁਕਸਾਨ ਹੁੰਦਾ ਦੇਖਿਆ ਤਾਂ ਫਿਰ ਮੁਕਰ ਜਾਣਗੇ (ਜਿਵੇਂ 1961 ਦੀ ਮਰਦਮਸ਼ੁਮਾਰੀ ਵਿਚ ਹੋਇਆ)।

ਹਰਿਆਣੇ ਵਿਚ ਪੰਜਾਬੀ-ਬੋਲਦੇ ਸਿੱਖਾਂ ਨੇ ਬੜੇ ਵੱਖਰੇ ਤੌਰ ਤੇ ਵਰਤਾਓ ਕੀਤਾ ਹੈ। ਉਹ ਪੰਜਾਬੀ ਲਈ ਦੂਜੀ ਭਾਸ਼ਾ ਦਾ ਦਰਜਾ ਲਗਾਤਾਰ ਮੰਗਦੇ ਆ ਰਹੇ ਹਨ। (ਭਾਵੇਂ ਹਰਿਆਣੇ ਵਿਚ ਸਿੱਖਾਂ ਦੀ ਸੰਖਿਆ 5.8 ਪ੍ਰਤਿਸ਼ਤ ਰਹਿ ਗਈ ਹੈ)।

ਭਾਰਤੀ ਸੰਦਰਭ ਵਿਚ ਭਾਰਤੀ ਅਤੇ ਪਾਕਿਸਤਾਨ ਪੰਜਾਬਾਂ ਵਿਚਲੀ 'ਬਰਲਿਨ ਵਾਲ' ਨੂੰ ਤੋੜ-ਡੇਗਣ ਤੋਂ ਬਿਨਾਂ ਪੰਜਾਬੀਅਤ ਦੀ ਗੱਲਬਾਤ ਬੇਮਾਇਨੇ ਹੈ। ਇਹ ਤਦੋਂ ਹੀ ਕੋਈ ਮਾਇਨੇ ਵਾਲਾ ਰੂਪ ਅਖ਼ਤਿਆਰ ਕਰੇਗੀ ਜੇਕਰ ਪੰਜਾਬ ਦੇ ਹੋਵੇਂ ਹਿੱਸੇ ਇਕ-ਦੂਜੇ ਨਾਲ ਚੰਗੀ ਤਰ੍ਹਾਂ ਰਲਗੱਡ ਹੋਣਾ ਸ਼ੁਰੂ ਕਰ ਦੇਣ। ਇਹ ਵਿਭੇਦ ਮੁਸਲਿਮ ਲੀਗ ਅਤੇ ਹਿੰਦੂਆਂ ਦੀ ਭਾਰੀ ਮੱਤ ਵਾਲੀ ਕਾਂਗਰਸ ਦੁਆਰਾ ਫ਼ਿਰਕੂ ਵਿਚਾਰਾਂ ਕਰਕੇ ਪੈਦਾ ਕੀਤਾ ਗਿਆ ਸੀ। ਇਨ੍ਹਾਂ ਫ਼ਿਰਕੂ ਵਿਚਾਰਧਾਰਾਵਾਂ ਨੇ ਪੰਜਾਬੀਅਤ ਉਤੇ ਭੈੜਾ ਅਸਰ ਪਾਉਣਾ ਜਾਰੀ ਰਖਿਆ।

ਪੰਜਾਬੀਅਤ ਨੂੰ ਇਕ ਨਿਖੜੀ ਹੋਈ ਕੌਮ ਦੇ ਏਕੀਕਰਣ ਦਾ ਇੰਤਜ਼ਾਰ ਹੈ। ਇਸ ਦੀ ਅਣਹੋਂਦ ਵਿਚ ਇਸ ਦੀ ਬੋਲੀ ਅਤੇ ਸਭਿਆਚਾਰ ਦੇ ਸੰਸਕ੍ਰਿਤੀਕਰਣ ਦਾ ਕੀਤਾ ਜਾਣਾ ਜਾਰੀ ਰਹੇਗਾ। ਸਿੱਖ ਜੋ ਕਿ ਵਧੇਰੇ ਕਰਕੇ ਪੰਜਾਬੀ ਹਨ, ਪੰਜਾਬੀ ਦੇ ਸੰਸਕ੍ਰਿਤੀਕਰਣ ਜਾਂ ਹਿੰਦੀ-ਕਰਣ ਦਾ ਵਿਰੋਧ ਕਰਦੇ ਹਨ ਅਤੇ ਪੰਜਾਬੀਅਤ ਅਤੇ ਸਿੱਖ ਪਹਿਚਾਣ ਨੂੰ ਵਧੇਰੇ ਖੋਰ ਲੱਗਣ ਤੋਂ ਰੋਕਣ ਲਈ ਪੰਜਾਬ ਲਈ ਖ਼ੁਦਮੁਖ਼ਤਾਰੀ ਚਾਹੁੰਦੇ ਹਨ।

ਜਦੋਂ ਕਦੀ ਕੇਂਦਰ ਸਰਕਾਰ ਨੇ ਪੰਜਾਬ ਦੀਆਂ ਸਮੱਸਿਆਵਾਂ ਦਾ ਹਲ ਕਰਨ ਲਈ "ਗੱਲਬਾਤ" ਕਰਨ ਦਾ ਨਾਟਕ ਖੇਡਿਆ ਤਾਂ ਇਸ ਨੇ ਗੱਲਬਾਤ ਲਈ ਸਿੱਖ ਨੇਤਾਵਾਂ ਨੂੰ ਬੁਲਾਇਆ।

ਰਾਜਪਾਲ ਨਿਰਮਲ ਮੁਖਰਜੀ ਦੁਆਰਾ 31 ਮਈ, 1990 ਨੂੰ ਅਸਤੀਫ਼ਾ ਦੇਣ ਤੋਂ ਠੀਕ ਪਹਿਲਾਂ ਉਨ੍ਹਾਂ ਨੇ **ਟਾਈਮਜ਼ ਆਫ਼ ਇੰਡੀਆ** ਦੇ ਪੱਤਰਕਾਰ ਨੂੰ ਦੱਸਿਆ ਕਿ ਉਹ ਮਹਿਸੂਸ ਕਰਦੇ ਹਨ ਕਿ ਪੰਜਾਬ ਦੇ ਹਾਲਾਤ ਅਜੇ ਵੀ ਸੁਧਰ ਸਕਦੇ ਹਨ ਅਤੇ ਪੰਜਾਬ ਅਤੇ ਕਸ਼ਮੀਰ ਵਿਚਕਾਰ ਸਮਾਨਤਾ ਨਹੀਂ ਆ ਸਕਦੀ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਪੰਜਾਬ ਸਮੱਸਿਆ ਮੁੱਖ ਤੌਰ ਤੇ ਸਿੱਖ ਸਮੱਸਿਆ ਹੈ ਜਿਹੜੀ ਪਿਛਲੇ ਸਾਲਾਂ ਦੌਰਾਨ ਪੁਲਿਸ ਦੁਆਰਾ ਖੜ੍ਹੀ ਕੀਤੀ ਗਈ ਹੈ। "ਸਿੱਖਾਂ ਦੁਆਰਾ ਪੁਲਿਸ ਰਾਜ ਦੀਆਂ ਵਧੀਕੀਆਂ ਮਹਿਸੂਸ ਕੀਤੀਆਂ ਜਾ ਰਹੀਆਂ ਸਨ ਅਤੇ ਉਨ੍ਹਾਂ ਕੋਲ ਆਪਣੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਹੋਰ ਕਿਤੇ ਜਾਣ ਦਾ ਚਾਰਾ ਨਹੀਂ ਸੀ।" ਉਨ੍ਹਾਂ ਨੇ ਕਿਹਾ। ਅਕਤੂਬਰ, 1992 ਦੇ **ਸੈਮੀਨਾਰ** ਰਸਾਲੇ ਵਿਚ ਲਿਖਦਿਆਂ ਮੁਖਰਜੀ ਨੇ ਪੰਜਾਬ ਦੀ

ਬੁਨਿਆਦੀ ਸਮੱਸਿਆ ਨੂੰ 'ਸਿੱਖ ਵਖਰੇਵਾਂ' ਦੱਸਿਆ : "... ਅਸਲ ਵਿਚ ਸਾਰੇ ਸਿੱਖ ਵੱਖਰਾਪਣ ਮਹਿਸੂਸ ਕਰਦੇ ਹਨ। ਪੰਜਾਬ ਵਿਚ ਰਹਿਣ ਵਾਲੇ ਸਿੱਖ ਤਾਂ ਮਹਿਸੂਸ ਕਰਦੇ ਹੀ ਹਨ ਬਲਕਿ ਦੇਸ਼ ਦੇ ਬਾਕੀ ਭਾਗਾਂ ਅਤੇ ਸਾਰੇ ਸੰਸਾਰ ਦੇ ਸਿੱਖ ਵੀ ਇਸੇ ਤਰ੍ਹਾਂ ਮਹਿਸੂਸ ਕਰਦੇ ਹਨ। ਭਾਰਤੀ ਮੁੱਖਧਾਰਾ ਇਹ ਵਿਸ਼ਵਾਸ ਕਰਦੀ ਹੈ ਕਿ ਵੱਖਰਾਪਣ ਕੁਝ ਗੁੰਮਰਾਹ ਕੀਤੇ ਗਏ ਨੌਜਵਾਨਾਂ ਤਕ ਹੀ ਸੀਮਿਤ ਹੈ, ਜਿਨ੍ਹਾਂ ਵਿਚੋਂ ਕੁਝ ਅੱਤਵਾਦੀ ਬਣ ਗਏ। ਇਹ ਸੱਚਾਈ ਨਹੀਂ ਹੈ। ਸਿੱਖਾਂ ਵਿਚ ਵੱਖਰਾਪਣ ਲਗਭਗ ਮੁਕੰਮਲ ਹੈ ... ਸਿੱਖ, ਵਿਸ਼ੇਸ਼ ਕਰਕੇ ਪੰਜਾਬ ਦੇ ਸਿੱਖ 'ਦਿੱਲੀ ਦਰਬਾਰ' ਤੇ ਉੱਕਾ ਵਿਸ਼ਵਾਸ ਨਹੀਂ ਕਰਦੇ। ਉਨ੍ਹਾਂ ਦੇ ਇਸ ਪ੍ਰਗਟਾਵੇ ਦਾ ਅਰਥ ਹੈ ਕਿ ਉਹ ਕੇਂਦਰ ਵਿਖੇ ਸੱਤਾਧਾਰੀ ਸ਼੍ਰੇਣੀ ਦੀ ਅਖੌਤੀ "ਮੁੱਖਧਾਰਾ" ਨੂੰ ਬਿਲਕੁਲ ਸਵੀਕਾਰ ਨਹੀਂ ਕਰਦੇ। ਇਸ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਕਿਹੜੀ ਰਾਜਨੀਤਕ ਪਾਰਟੀ ਸੱਤਾ ਵਿਚ ਹੈ ਲੇਕਿਨ ਪੰਜਾਬ ਦੇ ਮਸਲੇ ਨੂੰ ਸਾਰੇ ਇੱਕੋ ਜਿਹੀ ਅੱਖ ਨਾਲ ਦੇਖਦੇ ਹਨ।"

ਮੁਖਰਜੀ ਦਾ 'ਮੁੱਖਧਾਰਾ' ਦਾ ਹਵਾਲਾ ਮਹੱਤਵਪੂਰਣ ਹੈ। "ਮੁੱਖਧਾਰਾ" ਦੀ ਲਹਿਰ ਸੱਤਾਧਾਰੀ ਪਾਰਟੀ ਦੇ ਪ੍ਰਤਿਨਿਧਾਂ ਦੁਆਰਾ ਕਈ ਦਹਾਕਿਆਂ ਤੋਂ ਚਲਾਈ ਗਈ ਹੈ - ਇਹ ਹੁਣ ਇਨ੍ਹਾਂ ਦਾ ਬੈਨਰ ਹੈ, ਬਲਕਿ ਇਸ ਤੋਂ ਇਲਾਵਾ ਇਹ ਮੈਟਾਡੋਰ ਦੀ ਕੇਪ ਦੀ ਤਰ੍ਹਾਂ ਹੈ ਜੋ ਕਿ "ਗੈਰ-ਮੁੱਖਧਾਰਾ" ਵਾਲੇ ਗੁੱਟਾਂ ਦਾ ਧਿਆਨ ਮੁੱਖ ਰਿਜਕ ਦੇ ਮੁੱਦੇ - ਪੰਜਾਬ ਦੇ ਕੇਸ ਵਿਚ ਖ਼ੁਦਮੁਖ਼ਤਿਆਰੀ - ਤੋਂ ਹਟਾਉਣ ਲਈ ਵਰਤਿਆ ਜਾ ਰਿਹਾ ਹੈ।

ਭਾਵੇਂ ਵੇਦ ਮਰਵਾਹ ਮੁੱਖ ਤੌਰ ਤੇ ਬਲਿਊਸਟਾਰ ਤੇ ਕੇਂਦ੍ਰਿਤ ਹਨ, ਲੇਕਿਨ ਉਨ੍ਹਾਂ ਨੇ ਇਹ ਟਿੱਪਣੀਆਂ ਵੀ ਕੀਤੀਆਂ ਹਨ : "ਸਾਰਾ ਸਿੱਖ ਭਾਈਚਾਰਾ ਇਹ ਸਮਝਦਾ ਹੈ ਕਿ ਦਰਬਾਰ ਸਾਹਿਬ ਤੇ ਹਮਲਾ ਸਮਝੋ ਸਿੱਖ ਧਰਮ ਤੇ ਹਮਲਾ ਹੈ। ਸਿੱਖਾਂ ਵਿਚ ਬਹੁਤ ਵੱਡੀ ਗਿਣਤੀ ਭਾਰਤੀ ਸੰਘ ਨਾਲੋਂ ਸਾਰੇ ਸਬੰਧ ਤੋੜਨੇ ਚਾਹੁੰਦੀ ਹੈ। ਜਿਸ ਚੀਜ਼ ਦੀ ਭਿੰਡਰਾਂਵਾਲੇ ਨੇ ਖੁਲ੍ਹੇ ਆਮ ਹੁਣ ਤਕ ਮੰਗ ਨਹੀਂ ਸੀ ਕੀਤੀ, ਉਹ ਹੁਣ ਸਿੱਖਾਂ ਦੀ ਮੁੱਖ ਮੰਗ ਬਣ ਗਈ ਹੈ।"

ਸਮੁੱਚੇ ਸਿੱਖ ਭਾਈਚਾਰੇ ਤੇ ਧਾਵਾ ਬੋਲਿਆ ਗਿਆ ਸੀ।